# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. (ਸੁਰੱਖਿਆ ਅਤੇ ਯੁੱਧਨੀਤੀ ਅਧਿਐਨ)-I**

**ਪੇਪਰ : ਯੁੱਧ ਅਤੇ ਇਸਦੇ ਵਿਵਿਧ ਪੱਖ** **ਸਮੈਸਟਰ ਪਹਿਲਾ**

**ਮੀਡੀਅਮ : ਪੰਜਾਬੀ** **ਯੂਨਿਟ : 1**

**ਪਾਠ ਨੰ.**

1.1: **ਜੰਗ : ਸੰਕਲਪ, ਪ੍ਰੀਭਾਸ਼ਾ, ਉੱਤਪਤੀ ਅਤੇ ਇਤਿਹਾਸ**

(War : Concept, Definition, Origin and History)

1. ਪਸ਼ੂ ਯੁੱਧ ਕਲਾ (Animal Warfare)
2. ਪ੍ਰਾਚੀਨ ਯੁੱਧ ਕਲਾ (Primitive Warfare)
3. ਇਤਿਹਾਸਿਕ ਯੁੱਧ ਕਲਾ (Historical Warfare)

1.2: **ਆਧੁਨਿਕ ਜੰਗ** (Modern Warfare)

ਸੰਕਲਪ, ਪ੍ਰੀਭਾਸ਼ਾ ਅਤੇ ਲੱਛਣ

ਆਧੁਨਿਕ ਜੰਗ ਦੀਆਂ ਵਿਸ਼ੇਸ਼ਤਾਵਾਂ

1.3 : **ਜੰਗ : ਨੀਤੀ ਦੇ ਸਾਧਨ ਦੇ ਰੂਪ ਵਿੱਚ**

(War as an Instrument of Policy)

***website : www.pbidde.org***

# B.A. PART-I

# DEFENCE AND STRATEGIC STUDIES

## SEMESTER – I

(Syllabus for 2023-24, 2024-25 & 2025-26)

Note – There will be two theory papers one for each semester comprising 80 marks and one practical examination* comprising 40 marks. For students of Centre for Distance and Online Education, project report/seminar based viva voce comprising 40 marks will be conducted. The practical examination/ project report/seminar based viva will be held once in a year in the end of second semester.

### INSTRUCTIONS FOR REGULAR CANDIDATES

PAPER - WAR AND ITS VARIOUS ASPECTS

Maximum Marks: 80
Theory – 50 Marks                                    Time Allowed: 3 hours
Internal Assessment – 30 Marks (House Test – 15 Marks, Seminar/Assignment /Project Work -10 Marks, Attendance – 5 Marks)
Pass Marks: 35% of the subject
(Theory, Internal Assessment and practical separately)                                    Total teaching periods: 75

### INSTRUCTIONS FOR PAPER-SETTER

The question paper will consist of three sections: A, B and C. Sections A and B will have four questions each from the respective sections of the syllabus and will carry 10 marks each. Section C will consist of 10 short answer type questions carrying one marks each covering the entire syllabus and will be compulsory.

### INSTRUCTIONS FOR THE CANDIDATES

Candidates are required to attempt any four questions selecting at least two questions from each Section A and B and the entire section C is compulsory.

### INSTRUCTIONS FOR CENTRE FOR DISTANCE AND ONLINE EDUCATION CANDIDATES

PAPER - WAR AND ITS VARIOUS ASPECTS

Maximum Marks: 80
Theory – 50 Marks                                    Time Allowed: 3 hours
Internal Assessment – 30 Marks (House Test/Seminar/Assignments /Project Work -25 Marks, Attendance – 5 Marks)
Pass Marks: 35% of the subject
(Theory, Internal Assessment and practical separately)                                    Total teaching periods: 75

### INSTRUCTIONS FOR PAPER-SETTER

The question paper will consist of three sections: A, B and C. Sections A and B will have four questions each from the respective sections of the syllabus and will carry 10 marks each. Section C will consist of 10 short answer type questions carrying one marks each covering the entire syllabus and will be compulsory.

### INSTRUCTIONS FOR THE CANDIDATES

Candidates are required to attempt any four questions selecting at least two questions from each Section A and B and the entire section C is compulsory.

### INSTRUCTIONS FOR PRIVATE CANDIDATES

The question paper will consist of three sections: A, B and C. Sections A and B will have four questions each from the respective sections of the syllabus and will carry 13 marks each. Section C will consist of 12 short answer type questions carrying 4 marks each covering the entire syllabus and will be compulsory.

CamScanner

## SECTION A

i. WAR
   a. Concept and definition
   b. Brief history of warfare

ii. MODERN WARFARE
   a. Concept and definition
   b. Features of Modern Warfare

iii. WAR AS AN INSTRUMENT OF POLICY

## SECTION-B

i. GUERRILLA WARFARE
   a. Origin and concept.
   b. Principles, techniques and characteristics of guerrilla warfare.
   c. Counter guerrilla measures.

ii. PSYCHOLOGICAL WARFARE
   a. Definition and concept.
   b. Functions.
   c. Limitations.

iii. PSYCHOLOGICAL ASPECTS OF WAR
   a. Leadership
   b. Discipline
   c. Motivation
   d. Morale
   e. Fear and panic.

iv. NUCLEAR WARFARE
   a. Beginning of nuclear era and effects of nuclear explosion.
   b. Nuclear weapons: Fission & Fusion bombs.
   c. Nuclear strategies of `Deterrence' and `Massive Retaliation'.
   d. Missiles: Types and their classification.

SUGGESTED READINGS:


1. Bhupinder Singh: Defence Studies (Punjabi)
2. Boring, E.G.: Psychology in the Armed Forces
3. Copeland, N: Psychology of a Soldier.
4. Hasnain, Qamar, Darshan Singh (Translated): Fauji Prati Manovigyan (Punjabi)
5. Kalkat, O.S. & Sidhu S.S.:Jung: Sankalap ate Vividh Pakh (Punjabi)
6. Mukherji & Shiam Lal: A Text Book of Military Science, Vol. II.
7. Osanka, F.M.: Modern Guerrilla Warfare.
8. Sidhu, K.S.: War and Its Principles.
9. Thind, S.S.: Yudh Ate Rashtri Surakhiya (Punjabi)
10. Tripathi, K.S.: Evolution of Nuclear Strategies.
11. Wright, Quincy: Study of War.


CamScanner

ਪਾਠ ਨੰ. 1.1 **UPDATED: MAY, 2024**

**Converted into SLM By Dr. Harsangeet Pal Kaur**

# ਜੰਗ : ਸੰਕਲਪ, ਪ੍ਰੀਭਾਸ਼ਾਵਾਂ, ਉੱਤਪਤੀ ਅਤੇ ਇਤਿਹਾਸ

(War : Concept, Definitions, Origin & History)


1.1.1 ਉਦੇਸ਼

1.1.2 ਭੂਮਿਕਾ

1.1.3 ਜੰਗ ਦੀ ਉਤਪੱਤੀ

1.1.4 ਜੰਗ ਦੀ ਪਰਿਭਾਸ਼ਾਵਾਂ

1.1.5 ਇਤਿਹਾਸ

1.1.6 ਸਵੈ-ਅਭਿਆਸ ਪ੍ਰਸ਼ਨ

1.1.7 ਪਸ਼ੂਆਂ ਦੀ ਯੁੱਧ ਕਲਾ

1.1.8 ਪ੍ਰਾਚੀਨ ਜੰਗ

1.1.9 ਇਤਿਹਾਸਕ ਯੁੱਧ ਕਲਾ

1.1.10 ਆਧੁਨਿਕ ਯੁੱਧ ਕਲਾ

1.1.11 ਸਿੱਟਾ

1.1.12 ਵੱਡੇ ਪ੍ਰਸ਼ਨ

1.1.13 ਮੁੱਖ ਸ਼ਬਦ

1.1.14 ਸਹਾਇਕ ਪੁਸਤਕ ਸੂਚੀ


## 1.1.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਇਹ ਸਮਝਾਉਣਾ ਹੈ ਕਿ ਜੰਗ ਕੀ ਹੁੰਦੀ ਹੈ ਅਤੇ ਕਿਨ੍ਹਾਂ ਪ੍ਰਸਿਥਿਤੀਆਂ ਵਿੱਚ ਪੈਦਾ ਹੋ ਸਕਦੀ ਹੈ। ਨਾਲ ਹੀ ਇਸ ਪਾਠ ਰਾਹੀਂ ਉਨ੍ਹਾਂ ਨੂੰ ਜੰਗ ਦੀਆਂ ਵੱਖ-ਵੱਖ ਕਿਸਮਾਂ ਅਤੇ ਪੜਾਵਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਉਨ੍ਹਾਂ ਨੂੰ ਇਸ ਵਿਸ਼ੇ ਨਾਲ ਸਬੰਧਿਤ ਜਾਣਕਾਰੀ ਦੇਣਾ ਹੀ ਇੱਕ ਉਦੇਸ਼ ਹੈ।

## 1.1.2 ਭੂਮਿਕਾ :

ਮਨੁੱਖਤਾ ਲਈ ਜੰਗ ਜ਼ਰੂਰੀ ਹੈ ਜਾਂ ਨਹੀ ਇਹ ਇਕ ਪੁਰਾਨਾ ਝਗੜੇ ਦਾ ਵਿਸ਼ਾ ਹੈ। ਗ੍ਰੀਕ ਕਾਲ ਤੋਂ ਆਧੁਨਿਕ ਕਾਲ ਤਕ ਇਹ ਇਕ ਵਿਚਾਰ ਰਿਹਾ ਹੈ ਕਿ ਮਨੁੱਖ ਵਿਚ ਜੰਗ ਕਰਣ ਦੀ ਪ੍ਰਵਿਰਤੀ ਮੌਜੂਦ ਹੁੰਦੀ ਹੈ ਅਤੇ ਇਹ ਜਨਮ ਤੋਂ ਹੀ ਪਾਈ ਜਾਂਦੀ ਹੈ।ਪਰ ਇਸ ਦਾ ਉਲਟ ਆਦਿਕਾਲ ਤੋ ਹੀ ਇਕ ਦੂਜੀ ਵਿਚਾਰਧਾਰਾ ਹੈ ਕਿ ਜੰਗ, ਮਨੁੱਖੀ ਜੀਵਨ ਦੀ ਵਿਸ਼ੇਸ਼ਤਾ ਨਹੀ ਹੈ ਸਗੋਂ ਰੁਕਾਵਟਾਂ, ਦਬਾਵਾਂ ਅਤੇ ਸਵਾਰਥਾਂ ਦੇ ਟਕਰਾਅ ਵਿਚ ਵੀ ਸਫਲਤਾਪੂਰਵਕ ਜੀਉਣ ਲਈ ਇਕ ਮਿੱਥੀ ਹੋਈ ਪ੍ਰਵਿਰਤੀ ਹੈ। ਯੁੱਧ ਮੂਲ ਰੂਪ ਵਿਚ ਸੁਰੱਖਿਆ ਦੀ ਭਾਵਨਾ ਹੈ ਨਾ ਕਿ ਹਮਲੇ ਦੀ । ਦੋਹਾਂ ਵਿਚਾਰਾਂ ਦੇ ਸਮਰਥਨ ਵਿਚ ਕਈ ਦਲੀਲਾਂ ਦਿਤੀਆਂ ਗਈਆਂ ਹਨ। ਪਰ ਕੋਈ ਵੀ ਦਲੀਲ ਝਗੜੇ ਰੋਕਣ ਵਿਚ ਕਾਮਯਾਬ ਨਹੀਂ

ਹੋ ਸਕੀ ਹੈ ਤੇ ਝਗੜੇ ਉਸੇ ਤਰ੍ਹਾਂ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣਗੇ। ਪਰ ਇਹ ਸਹੀ ਹੈ ਜੰਗ ਭਾਵੇ ਸੁੱਰਖਿਆ ਦੀ ਭਾਵਨਾ ਨਾਲ ਲੜੀ ਜਾਵੇ ਜਾਂ ਹਮਲੇ ਦੇ ਰੂਪ ਵਿਚ, ਜੰਗ ਆਦਿਕਾਲ ਵਿਚ ਵੀ ਹੁੰਦੀ ਰਹੀ ਹੈ ਅਤੇ ਭਵਿੱਖ ਵਿਚ ਵੀ ਹੁੰਦੀ ਰਹੇਗੀ। ਇਸ ਲਈ ਕਿਸੇ ਵੀ ਦੇਸ਼ ਲਈ ਜੰਗ ਦੀ ਸੰਭਾਵਨਾਵਾਂ ਨੂੰ ਜ਼ਰੂਰੀ ਰੂਪ ਵਿਚ ਮੰਨਿਆ ਜਾਂਦਾ ਹੈ ਅਤੇ ਹਰ ਦੇਸ਼ ਉਹਨਾਂ ਸੰਭਾਵਨਾਵਾਂ ਤੋਂ ਬਚਣ ਲਈ ਅਤੇ ਆਪਣੀ ਸੁਰੱਖਿਆ ਲਈ ਸੈਨਾਵਾਂ ਦਾ ਗਠਨ ਕਰਦਾ ਹੈ। ਇਸ ਪਰਚੇ ਵਿਚ ਅਸੀਂ ਪੜ੍ਹਾਂਗੇ ਕਿ ਜੰਗ, ਕਿਸੇ ਵੀ ਦੇਸ਼ ਲਈ ਉਨ੍ਹੀ ਹੀ ਜ਼ਰੂਰੀ ਹੈ ਜਿੰਨਾ ਕਿ, ਆਰਥਿਕ ਅਤੇ ਸਮਾਜਕ ਵਿਕਾਸ ਆਦਿ। ਇਸ ਤੋਂ ਇਲਾਵਾ ਅਸੀਂ ਇਹ ਵੀ ਦੇਖਾਂਗੇ ਕਿ ਜੰਗ ਕੀ ਹੈ ? ਜੰਗ ਦੀ ਉਤੱਪਤੀ ਕਿਵੇਂ ਹੋਈ ? ਜੰਗ ਦਾ ਸਵਰੂਪ ਕਿਵੇਂ ਬਦਲਿਆ ? ਅਤੇ ਇਸ ਦਾ ਵਿਕਾਸ ਕਿਵੇਂ ਹੋਇਆ ? ਇਸ ਤੋਂ ਇਲਾਵਾ ਅਸੀਂ ਜੰਗ ਦੇ ਵੱਖ–ਵੱਖ ਪਹਿਲੂਆਂ ਦਾ ਵੀ ਵਿਸਤਾਰ ਪੂਰਵਕ ਵਰਣਨ ਕਰਾਂਗੇ।

ਜਿਹੜੇ ਤੱਤ ਸਾਡੀ ਸਭਿਅਤਾ ਨੂੰ ਪ੍ਰਭਾਵਿਤ ਕਰਦੇ ਹਨ,'ਜੰਗ' ਉਨ੍ਹਾਂ ਵਿਚੋਂ ਮਹੱਤਵਪੂਰਨ ਹੈ ਅਤੇ ਇਸ ਦੀ ਵਰਤੋਂ ਆਮ ਤੌਰ ਤੇ ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਮੁਸ਼ਕਲ ਨੂੰ ਹੱਲ ਕਰਨ ਦੇ ਸਾਰੇ ਰਸਤੇ ਬੰਦ ਹੋ ਜਾਣ। ਮਨੁੱਖਤਾ ਦਾ ਇਤਿਹਾਸ ਗਰੁੱਪਾਂ, ਕਬੀਲਿਆਂ ਅਤੇ ਰਾਜਾਂ ਦੇ ਵਿਚ ਲੜਾਈ ਦਾ ਇਤਿਹਾਸ ਹੈ।

ਜੰਗ ਜਾ ਸ਼ਕਤੀ ਦੀ ਵਰਤੋਂ ਤੋਂ ਬਾਅਦ ਹੀ ਕੋਈ ਰਾਜ ਹੋਂਦ ਵਿਚ ਆਉਂਦਾ ਹੈ। ਇਕ ਰਾਜ ਹੋਂਦ ਵਿਚ ਆਉਣ ਤੋਂ ਬਾਅਦ ਆਪਣੀ ਸ਼ਕਤੀ ਦੀ ਵਰਤੋਂ,ਦੂਜੇ ਰਾਜਾਂ ਤੇ ਆਪਣੀਆਂ ਇਛਾਵਾਂ ਅਤੇ ਹਿੱਤਾਂ ਨੂੰ ਲਾਗੂ ਕਰਨ ਲਈ ਵਰਤਦਾ ਹੈ। ਹਰ ਰਾਜ ਨੂੰ ਕਿਸੇ ਨਾ ਕਿਸੇ ਸਮੇਂ ਜੰਗ ਕਰਨੀ ਜਾਂ ਫਿਰ ਜੰਗ ਦਾ ਸਾਹਮਣਾ ਕਰਨਾ ਪੈਂਦਾ ਹੈ। 1960 ਵਿਚ ਤਿਆਰ ਕੀਤੇ ਗਏ ਅੰਕੜਿਆਂ ਅਨੁਸਾਰ ਮਨੁੱਖਤਾ ਦੇ 5560 ਸਾਲਾਂ ਦੇ ਇਤਿਹਾਸ ਵਿਚ 14,531 ਲੜਾਈਆਂ ਹੋਈਆਂ ਜੋ ਕਿ ਪ੍ਰਤੀ ਸਾਲ ਤਿੰਨ ਬਣਦੀਆਂ ਹਨ। 20ਵੀਂ ਸਦੀ ਵਿਚ ਲੜੀਆ ਗਈਆਂ ਅਤੇ ਦੋ ਸੰਸਾਰ ਜੰਗਾਂ ਤੋਂ ਇਲਾਵਾ ਕਿੰਨੀਆਂ ਹੀ ਸੀਮਿਤ ਜੰਗਾਂ ਹੋਈਆਂ ਹਨ। 1945–85 ਤੇ ਸਮੇਂ ਦੌਰਾਨ 65 ਲੜਾਈਆਂ ਲੜੀਆਂ ਗਈਆਂ ਹਨ, ਅਤੇ ਇਰਾਨ–ਇਰਾਕ ਜੰਗ ਇਸ ਤੋਂ ਬਾਅਦ ਵੀ ਜਾਰੀ ਰਹੀ। 1991 ਵਿਚ ਕੁਵੈਤ ਦੇ ਮਸਲੇ ਤੇ ਇਰਾਕ ਅਤੇ ਮਿੱਤਰ (Allied) ਦੇ ਸ਼ਾਂ ਵਿਚਕਾਰ ਭਿਆਨਕ ਜੰਗ ਵੀ ਹੋਈ ਜਿਸ ਵਿਚ ਇਰਾਕ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਪਰ ਮਨੁੱਖ ਨੇ ਇੰਨੀ ਜ਼ਿਆਦਾ ਭਿਆਨਕ ਤਬਾਹੀ ਦੇ ਅੰਕੜੇ ਦੇਖਣ ਤੋਂ ਬਾਅਦ ਵੀ ਲੜਾਈਆਂ ਲਈ ਤਿਆਰੀ ਨਹੀਂ ਛੱਡੀ। ਲਗਦਾ ਹੈ ਜਿੰਨਾ ਚਿਰ ਮਨੁੱਖੀ ਸਭਿਆਚਾਰ ਰਹੇਗਾ, ਉਨੀ ਦੇਰ ਜੰਗ ਵੀ ਉਸ ਦੇ ਨਾਲ ਜੁੜੀ ਰਹੇਗੀ।

## 1.1.3 ਜੰਗ ਦੀ ਉਤਪੱਤੀ (Origin of War)

ਜੰਗ ਸ਼ਬਦ ਐਂਗਲੋ ਸੈਕਸਨ (Anglo-Sexon) ਸ਼ਬਦ 'Werra' ਤੋਂ ਬਣਿਆ ਜਿਸ ਦਾ ਮੂਲ ਸਰੋਤ ਪੁਰਾਣਾ ਜਰਮਨ ਸ਼ਬਦ Werra ਹੈ ਅਤੇ ਜਿਸ ਦਾ ਅਰਥ ਮਤਭੇਦ ਅਤੇ ਵਿਵਾਦ ਹੈ। ਜਿਸ ਤਰ੍ਹਾਂ ਜੰਗ ਦਾ ਭਾਵ ਸਿਰਫ ਲੜਾਈ ਅਤੇ ਝਗੜਾ ਹੀ ਹੈ। ਇਹ ਵਿਚਾਰਾਂ ਅਤੇ ਸਿਧਾਂਤਾਂ ਦੀ ਭਿੰਨਤਾ, ਜੋ ਕਿ ਆਪਣੀਆਂ ਨੀਤੀਆਂ ਦੇ ਕਾਰਣ ਹੁੰਦੇ ਹਨ, ਦਾ ਸਿੱਟਾ ਹੁੰਦਾ ਹੈ।

ਜੰਗ ਦੀਆਂ ਜੜ੍ਹਾਂ ਆਦਿ ਕਾਲ ਵਿਚ ਪੁਹੰਚੀਆਂ ਅਸੀਂ ਦੇਖ ਸਕਦੇ ਹਾਂ ਜਦੋਂ ਕਿ ਮਨੁੱਖ ਅਤੇ ਜਾਨਵਰ ਆਪਸ ਵਿਚ ਜਾਂ ਦੂਜਿਆਂ ਨਾਲ ਲੜਦੇ ਸਨ। ਉਹ ਲਗਭਗ ਇਕੋ ਜਿਹੀਆਂ ਅਵਸਥਾਵਾਂ ਲਈ ਲੜਦੇ ਸਨ, ਭਾਵ ਭੋਜਨ, ਭੂਮੀ ਅਤੇ ਸੈਕਸ ਲਈ। ਅਸਲ ਵਿਚ ਉਨ੍ਹਾਂ ਦਾ ਮੁੱਢਲਾ ਕਾਰਨ ਭੋਜਨ ਸੀ ਜਿਹੜੇ ਨਤੀਜੇ ਵਜੋਂ ਉਹ ਆਪਣੀ ਹੋਂਦ ਲਈ ਲੜਦੇ ਸਨ। ਕਮਜ਼ੋਰ ਸ਼ਿਕਾਰ ਹੋ ਜਾਂਦਾ ਸੀ। ਇਸ ਲਈ ਵੱਡੀ ਸਮੱਸਿਆ ਸੁਰੱਖਿਆ ਦੀ ਸੀ। ਇਸ ਦਾ ਭਾਵ ਜੋ ਕਮਜ਼ੋਰ ਹੈ ਉਹ ਬਚ ਨਹੀਂ ਸਕੇਗਾ। ਇਹ ਜੰਗ ਹੀ ਸੀ ਜਿਹੜੀ ਕਿ ਪਹਿਲੀਆਂ ਅਵਸਥਾਵਾਂ ਵਿਚ ਮੁਢਲੇ ਰੂਪ ਵਿਚ ਪ੍ਰਗਟ ਹੋਈ ਸੀ।

ਆਦਿ ਕਾਲ ਵਿਚ ਮਨੁੱਖ ਹਥਿਆਰਾਂ ਤੋਂ ਰਹਿਤ ਸਨ। ਹੱਥਾਂ, ਪੈਰਾਂ ਅਤੇ ਦੰਦਾਂ ਨੂੰ ਹੀ ਹਥਿਆਰ ਦੇ ਤੋਰ ਤੇ ਵਰਤਿਆ ਜਾਂਦਾ ਸੀ। ਬਾਅਦ ਵਿਚ ਪੱਥਰਾਂ, ਹੱਡੀਆਂ ਅਤੇ ਲੱਕੜ ਦੀ ਵੀ ਹਥਿਆਰਾਂ ਦੇ ਰੂਪ ਵਿਚ ਵਰਤੋਂ ਸੁਰੂ ਹੋ ਗਈ ਜਿਨ੍ਹਾਂ ਨੇ ਬਾਅਦ ਵਿਚ ਹਥੋੜੇ ਅਤੇ ਕੁਹਾੜੇ ਦਾ ਰੂਪ ਲੈ ਲਿਆ। ਇਨ੍ਹਾਂ ਕਾਢਾਂ ਦੇ ਕਾਰਣ ਕੋਈ ਵੀ ਮਨੁੱਖ ਆਪਣੀ ਨਿੱਜੀ ਸੁਰੱਖਿਆ ਇਨ੍ਹਾਂ ਤੋ ਬਿਨਾਂ ਨਹੀਂ ਸੀ ਕਰਦਾ। ਘਰੇਲੂ ਵਰਤੋਂ ਵਿਚ ਆਉਣ ਵਾਲੇ ਔਜ਼ਾਰ ਖਾਸ ਕਰਕੇ ਖੇਤੀ ਦੇ ਔਜ਼ਾਰ, ਲੜਾਈ ਵਿਚ ਹਥਿਆਰ ਦੇ ਤੌਰ ਵਰਤੇ ਜਾਣ ਲੱਗੇ। ਹੋਰ ਵਧੇਰੇ ਪ੍ਰਭਾਵਪੂਰਨ ਹਥਿਆਰਾਂ ਦੀ ਜ਼ਰੂਰਤ ਸਮੇਂ ਨਾਲ ਮਹਿਸੂਸ ਕੀਤੀ ਜਾਂਦੀ ਰਹੀ ਹੈ ਅਤੇ ਜੰਗ ਦੇ ਆਗਮਨ ਨਾਲ ਯੁੱਧ ਕਲਾ ਵਿਚ ਵੀ ਇਕ ਵਿਕਾਸ ਵਾਪਰਨ ਲੱਗਾ। ਘੋੜਿਆਂ ਦੇ ਸਿਧਾਉਣ ਨਾਲ ਯੁੱਧ ਕਲਾ ਵਿਚ ਮਹੱਤਵਪੂਰਨ ਪ੍ਰੀਵਰਤਨ ਆਇਆ। ਇਸ ਤਰ੍ਹਾਂ ਯੁੱਧ ਕਲਾ ਵਿਚ ਕ੍ਰਾਂਤੀਕਾਰੀ ਪਰਿਵਰਤਨ ਸਾਹਮਣੇ ਆਉਣ ਲੱਗੇ। ਘੋੜੇ ਅਤੇ ਤਲਵਾਰ ਨੇ ਮਨੁੱਖ ਨੂੰ ਬਹੁਤ ਮਜ਼ਬੂਤ ਸਥਿਤੀ ਵਿਚ ਲਿਆ ਖੜ੍ਹਾ ਕੀਤਾ। ਘੋੜਿਆਂ ਨੂੰ ਜੰਗੀ ਰੱਥਾਂ ਅਤੇ ਹੋਰ ਕਈ ਜੰਗੀ ਗੱਡੀਆਂ ਨੂੰ ਵੀ ਖਿੱਚਣ ਲਹੀ ਵਰਤਿਆ ਜਾਣ ਲੱਗਾ। ਇਸ ਨਾਲ ਜਿੱਤ ਦੀਆਂ ਸੰਭਾਵਨਾਵਾਂ ਵੱਧ ਗਈਆਂ।

ਆਦਿ ਯੁੱਗ ਦੇ ਮਨੁੱਖ ਵਿਚ ਯੁੱਧ ਦੀ ਸੁਰੂਆਤ ਕਈ ਕਾਰਨਾਂ ਕਰਕੇ ਹੋਈ ਜਿਸ ਦਾ ਮੁੱਖ ਕਾਰਨ ਆਰਥਿਕ, ਜ਼ਿਆਦਾ ਸ਼ੋਰ ਸ਼ਰਾਬਾ, ਦਲਬੰਦੀ ਅਤੇ ਇਸਤਰੀ ਸੀ। ਸ਼ੁਰੂ ਵਿਚ ਮਨੁੱਖ ਆਪਸ ਵਿਚ ਇਕੱਲੇ ਇਕੱਲੇ ਲੜਦੇ ਸਨ ਅਤੇ ਹੋਲੀ ਹੋਲੀ ਉਨ੍ਹਾਂ ਨੇ ਦਲ ਅਤੇ ਜਾਤੀਆਂ ਬਣਾਉਣੀਆਂ ਸੁਰੂ ਕਰ ਦਿੱਤੀਆਂ। ਉਸ ਤੋਂ ਬਾਅਦ ਪਿੰਡਾਂ ਅਤੇ ਰਾਜਾਂ ਦੀ ਘੇਰਾਬੰਦੀ ਕਰਕੇ ਇਕ ਵਿਉਂਤਬੰਦੀ ਜੰਗ ਸੁਰੂ ਹੋਈ। ਈਸਵੀ ਸੰਮਤ ਦੇ ਆਰੰਭ ਤੋਂ ਕੁਝ ਕੁ ਦੇਰ ਪਹਿਲਾਂ ਰਾਜਿਆਂ ਨੇ ਜੰਗ ਲਈ ਜੰਗੀ ਫੋਜਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। 439 ਤੋਂ 367 ਪੂਰਵ ਈ. ਸਵੀ ਵਿਚ ਡਾਇਨਿਸਸ (Dynysis) ਅਤੇ 482 ਤੋਂ 338 ਪੂਰਵ ਈਸਵੀ ਤੱਕ ਮਕਦੂਨੀਆਂ ਦੇ ਫਿਲਿਪ ਦੂਜੇ (Phillip-ll) ਨੇ ਇਸ ਪੱਖ ਤੋਂ ਪਹਿਲ ਕੀਤੀ। ਫੋਜਾਂ ਦੀਆਂ ਖੂਬੀਆਂ ਤੇ ਵਧੇਰੇ ਜ਼ੋਰ ਦਿੱਤਾ ਗਿਆ ਯੁੱਧ ਕਲਾ ਦੀਆਂ ਨੀਤੀਆਂ ਨਿਰਧਾਰਿਤ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਅਪਣਾਇਆ ਗਿਆ ਅਤੇ ਫੌਜਾਂ ਇਸ ਤਰ੍ਹਾਂ ਜੰਗ ਦਾ ਇਕ ਜ਼ਰੂਰੀ ਹਥਿਆਰ ਬਣ ਗਈਆਂ। ਜਿੱਤ ਦੀਆਂ ਸੰਭਾਵਨਾਵਾਂ ਵੱਧ ਗਈਆਂ। ਇਸ ਕਾਰਣ ਫਿਲਿਪ ਦੇ ਦੂਜੇ ਪੁੱਤਰ ਸਿਕੰਦਰ ਮਹਾਨ ਨੂੰ ਸੰਸਾਰ ਜਿੱਤਣ ਦੀ ਪ੍ਰੇਰਣਾ ਮਿਲੀ।

10ਵੀਂ ਸਦੀ ਵਿਚ, ਜਦੋਂ ਲਿਪੀ ਵਰਤੋਂ ਵਿਚ ਆਈ, ਪ੍ਰਾਚੀਨ ਯੁੱਧ ਸਮਾਪਤ ਹੋਇਆ ਮੰਨਿਆ ਜਾਂਦਾ ਹੈ, ਇਸ ਨਾਲ ਹੀ ਅਸੀਂ ਸਭਿਅਤਾ ਦੀ ਸ਼ੁਰੂਆਤ ਮੰਨ ਸਕਦੇ ਹਾਂ ਅਤੇ ਇਸ ਦੇ ਆਗਮਨ ਨਾਲ ਹੀ ਮਨੁੱਖ ਨੇ ਦਲ ਬਣਾ ਕੇ ਆਪਣੇ ਖੇਤਰ ਦਾ ਫੈਲਾਅ ਅਤੇ ਵੱਧ ਤੋਂ ਵੱਧ ਦੋਲਤ ਇਕੱਠ ਕਰਨੀ ਸੁਰੂ ਕਰ ਦਿੱਤੀ ਜਿਸ ਕਾਰਨ ਹੋਰ ਕਈ ਖਰਚੀਲੀਆਂ ਫੌਜਾਂ ਦਾ ਪ੍ਰਬੰਧ ਕਰਨਾ ਪਿਆ। ਝਗੜਿਆ ਅਤੇ ਲੜਾਈਆਂ ਦੇ ਫੈਸਲੇ ਲਈ ਜੰਗ ਨੂੰ ਹਮੇਸ਼ਾਂ ਇਕ ਹਥਿਆਰ ਦੇ ਰੂਪ ਵਿਚ ਵਰਤਿਆ ਗਿਆ। ਲੜਾਈ ਵਿਚ ਜ਼ਰੂਰਤ ਦੇ ਕਾਰਨ ਹਥਿਆਰਾਂ ਅਤੇ ਔਜ਼ਾਰਾਂ ਵਿਚ ਵਿਕਾਸ ਹੋਇਆ। ਹਥਿਆਰਬੰਦ ਫੌਜਾਂ ਅਤੇ ਸਮਾਜਿਕ ਢਾਂਚੇ ਯੁੱਧ ਕਲਾ ਦੇ ਵਿਕਾਸ ਵਿਚ ਬਹੁਤ ਵੱਡਾ ਹਿੱਸਾ ਪਾਇਆ। ਯੁੱਧ ਕਲਾ ਵਿਚ ਜਿਉਂ ਜਿਉਂ ਤੇਜ਼ੀ ਨਾਲ ਪਰਿਵਰਤਨ ਆਉਂਦੇ ਗਏ, ਤਿਉਂ ਤਿਉਂ ਹਥਿਆਰਾਂ ਨੇ ਜ਼ਿਆਦਾ ਤਬਾਹੀ ਸੁਰੂ ਕਰ ਦਿੱਤੀ। ਇਸ ਤਰ੍ਹਾਂ ਸਭਿਅਤਾ ਦੀ ਸ਼ੁਰੂਆਤ ਨੇ ਯੁੱਧ ਕਲਾ ਦੇ ਪੜਾਵਾਂ ਨੂੰ ਸਾਹਮਣੇ ਲਿਆਂਦਾ ਭਾਵ ਖਾਨਦਾਨੀ ਲੜਾਈਆਂ, ਰਾਜਿਆਂ ਦੀਆਂ ਲੜਾਈਆਂ, ਲੋਕਾਂ ਦੀਆਂ ਲੜਾਈਆਂ ਤੇ ਸਮੁੱਚੀ ਲੜਾਈ। ਮਾਨਵ ਇਤਿਹਾਸ ਦਾ ਕੋਈ ਵੀ ਸਮਾਂ ਜੰਗ ਤੋਂ ਖਾਲੀ ਨਹੀਂ ਹੈ। ਸਮਾਜਿਕ ਅਤੇ ਨਾਗਰਿਕ ਤਰੱਕੀ ਦੇ ਨਾਲ ਨਾਲ ਲੜਾਈ ਦੀ ਰੂਪ-ਰੇਖਾ ਵਿਚ ਵੀ ਪਰਿਵਰਤਨ ਵਾਪਰਦੇ ਚਲੇ ਗਏ। ਕਲਾਜਵਿਟਜ਼ (Clausewitz) ਲਿਖਦਾ ਹੈ : ''ਜੰਗ ਸਮਾਜਿਕ ਜੀਵਨ ਦੇ ਖੇਤਰ ਨਾਲ ਸੰਬੰਧਿਤ ਹੈ ਅਤੇ ਇਹ ਕੇਵਲ ਫੌਜੀਆਂ ਦੁਆਰਾ ਕੀਤਾ ਜਾਂਦਾ ਕੰਮ ਨਹੀਂ । ਪਰੰਤੂ ਇਹ ਸਮਾਜ ਦੇ ਵਿਚਾਰਾਂ ਦੇ ਮੱਤ ਭੇਦਾਂ, ਉਦੇਸ਼ਾਂ ਅਤੇ ਕਹਿਣ ਦੇ ਢੰਗ ਦਾ ਦੂਜੇ

ਸਮਾਜ ਨਾਲ ਮਤਭੇਦ ਦਾ ਪ੍ਰਗਟਾਅ ਹੈ।''

### 1.1.4 ਜੰਗ ਦੀਆਂ ਪ੍ਰੀਭਾਸ਼ਾਵਾਂ (Definitions of War)

ਵੱਖ ਵੱਖ ਸਮੇਂ ਤੋਂ ਵੱਖੋ ਵੱਖਰੇ ਵਿਦਵਾਨਾਂ ਨੇ ਜੰਗ ਦੀਆਂ ਵੱਖ ਵੱਖ ਪ੍ਰੀਭਾਸ਼ਾਵਾਂ ਦਿੱਤੀਆਂ ਹਨ ਕਿਉਂਕਿ ਸਮੇਂ ਸਮੇਂ ਤੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਸੈਨਿਕ ਗਤੀਵਿਧੀਆ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ ਜਿਸ ਕਾਰਨ ਜੰਗ ਦੀਆਂ ਪ੍ਰੀਭਸ਼ਾਵਾਂ ਬਦਲਦੀਆਂ ਰਹਿੰਦੀਆਂ ਹਨ। ਜੰਗ ਨੂੰ ਸਮਝਣ ਲਈ ਵੱਖੋ ਵੱਖਰੇ ਵਿਦਵਾਨਾਂ ਅਤੇ ਵੱਖਰੇ ਸੋਮਿਆਂ ਦੁਆਰਾ ਦਿੱਤੀਆਂ ਗਈਆਂ ਪ੍ਰੀਭਾਸ਼ਾਵਾਂ ਨੂੰ ਸਮਝਣਾ ਜ਼ਰੂਰੀ ਹੈ :

1. New Dictionary' ਦੇ ਮੁਤਾਬਿਕ ਜੰਗ ਸ਼ਬਦ ਦੇ ਸ਼ਬਦੀ ਅਰਥ ਇਸ ਤਰ੍ਹਾਂ ਹਨ ਕਿ ਜੰਗ 'ਹਥਿਆਰਬੰਦ' ਸੈਨਾਵਾਂ ਦੁਆਰਾ ਇਕ ਵਿਰੋਧੀ ਝਗੜਾ ਹੈ ਜੋ ਕੌਮਾਂ ਦੇ ਵਿਚਕਾਰ, ਰਾਜਾਂ, ਹਾਕਮ (Ruler) ਜਾਂ ਫਿਰ ਇਕ ਕੌਮ ਜਾਂ ਰਾਜ ਦੀਆਂ ਪਾਰਟੀਆਂ ਦੁਆਰਾ ਕਿਸੇ ਵਿਦੇਸ਼ੀ ਸ਼ਕਤੀ ਦੇ ਵਿਰੁੱਧ ਹਥਿਆਰਬੰਦ ਸੈਨਾਵਾਂ ਨੂੰ ਲਾਉਣਾ ਜਾਂ ਰਾਜ ਦੀ ਪਾਰਟੀ ਦਾ ਵਿਰੋਧ ਕਰਨਾ ਹੁੰਦਾ ਹੈ। ("A hostile contention by means of armed forces, carried between nations, states or rulers or between parties in the same nation of state, the employment of armed force against a foreign power oragainst opposing party in the the state.")

2. 'Encyclopaedia Britanicca' ਦੇ ਮੁਤਾਬਕ : ''ਦੋ ਮਨੁੱਖੀ ਗਰੁੱਪਾਂ ਵਿਚਾਲੇ ਇਕ ਦੂਜੇ ਤੇ ਨੀਤੀ ਥੋਪਣ ਲਈ ਸੰਗਠਿਤ ਸ਼ਕਤੀ ਵਰਤੋਂ ਕਰਨ ਨੂੰ ਜੰਗ ਕਹਿੰਦੇ ਹਨ।'' ("The use of organised force between two human groups seeking to impose policy upon the other.")

3. 'Encyclopaedia of Social Sciences' ਦੇ ਮੁਤਾਬਕ : ''ਜੰਗ ਸ਼ਬਦ ਆਮ ਤੋਰ ਤੇ ਗਰੁੱਪਾਂ ਵਿਚਕਾਰਜਿਹੜੇ ਕਿ ਆਪਸ ਵਿਚ ਇਕ ਸਜੀਵਤ ਇਕਾਈ ਦਾ ਹਿੱਸਾ ਹੋਣ, ਜਿਵੇਂ ਕਿ ਨਸਲਾਂ ਜਾਂ ਕਬੀਲੇ, ਰਾਜ ਜਾਂ ਛੋਟੀਆਂ ਭੂਗੋਲਿਕ ਇਕਾਈਆਂ, ਧਾਰਮਿਕ ਜਾਂ ਰਾਜਨੀਤਿਕ ਪਾਰਟੀਆਂ ਅਤੇ ਆਰਥਿਕ ਜਮਾਤਾਂ ਦੇ ਵਿਚਕਾਰ ਹਥਿਆਰਬੰਦ ਲੜਾਈ ਦੇ ਲਈ ਦੇ ਲਈ ਵਰਤਿਆਾ ਜਾਂਦਾ ਹੈ। ਆਧੁਨਿਕ ਵਿਚਾਰ ਦੇ ਮੁਤਾਬਕ, ਜਿਹੜੇ ਰਾਜ ਪੂਰਨ ਤੌਰ ਤੇ ਪ੍ਰਭੂਸੱਤਾ ਸੰਪੰਨ ਹਨ, ਦੇ ਵਿਚਕਾਰ ਹਥਿਆਰਬੰਦ ਲੜਾਈ ਨੂੰ 'ਜੰਗ' ਕਿਹਾ ਜਾਂਦਾ ਹੈ। (The term war is generally appplied to armed conflict between population groups conceived or as organic entites such as races or tribes, or lesser geographic units, religious or political parties and economic classes. Armed coflict between states that legally enjoy to complete and unlimited sover eignty is in mod-ern thought treated as typically war.)

4. Quincy Wright ਆਪਣੀ ਕਿਤਾਬ "The study of International Relations" ਵਿਚ ਲਿਖਦਾ ਹੈ ਕਿ ''ਲੜਾਈ ਇਕ ਗਰੁੱਪ ਦੇ ਮਕਸਦ ਨੂੰ ਪੂਰਾ ਕਰਨ ਲਈ ਸੈਨਾਵਾਂ ਨੂੰ ਸੰਗਠਿਤ ਕਰਨ ਅਤੇ ਲਾਉਣ ਦੀ ਇਕ ਕਲਾ ਹੈ।'' (" War is the art of organising and employing armed forces to accomplish the purpose of the group.")

5. T.J. Lawerence ਆਪਣੀ ਕਿਤਾਬ (The Priciples of International Law') ਵਿਚ ਲਿਖਦਾ ਹੈ ਕਿ ਲੜਾਈ ਰਾਜ ਦੇ ਵਿਚ ਅਤੇ ਰਾਜਾਂ ਦੇ ਸਮੂਹ ਲੋਕਾਂ ਦੀ ਸ਼ਕਤੀ ਦੁਆਰਾ ਸੰਘਰਸ਼ ਕਰਨ

ਨੂੰ ਕਹਿੰਦੇ ਹਨ।'' ("A contest carried on the public force between states or between state's communities")

6. Oppenheim ਦੇ ਅਨੁਸਾਰ ''ਜੰਗ ਦੋ ਜਾਂ ਦੋ ਤੋਂ ਜ਼ਿਆਦਾ ਰਾਜਾਂ ਵਿਚ ਇਕ ਝਗੜਾ ਹੈ, ਜਿਸਦਾ ਮਕਸਦ ਇਕ ਦੂਜੇ ਨੂੰ ਕਾਬੂ ਕਰਨਾ ਅਤੇ ਉਸ ਉਪਰ ਸ਼ਾਂਤੀ ਦੀਆਂ ਸ਼ਰਤਾ ਲਾਉਣਾ ਹੁੰਦਾ ਹੈ, ਜਿਸ ਤਰ੍ਹਾਂ ਕਿ ਜੇਤੂ ਚਾਹੇ ।'' ("A contention between two or more states for the purpose of over powering each other and imposing conditions of peace as the victor pleases.")

7. ਅੰਤਰ–ਰਾਸ਼ਟਰੀ ਰਾਜਨੀਤੀ ਦਾ ਮਹਾਨ ਚਿੰਤਕ ਕਲਾਜ਼ਵਿਟਜ਼ ਜੰਗ ਨੂੰ 'ਇਕ ਸੰਗਠਿਤ ਹਿੰਸਾ' (An organised violence) ਦੱਸਦਾ ਹੈ।

8. ਮਾਰਕਸਵਾਦੀ ਅਤੇ ਲੈਨਿਨਵਾਦੀ ਵਿਚਾਰਧਾਰਾ ਮੁਤਾਬਕ, ''ਜੰਗ ਇਕ ਸਮਾਜਿਕ ਇਤਿਹਾਸਕ ਵਰਤਾਰਾ ਹੈ, ਜਿਹੜਾ ਕਿ ਮਨੁੱਖੀ ਸਮਾਜ ਵਿਚ ਪੱਕੇ ਤੋਰ ਤੇ ਹੁੰਦਾ ਹੈ। ਜੰਗ ਇਕ ਸੰਗਠਿਤ ਹਥਿਆਰਬੰਦ ਜਦੋ–ਜਹਿਦ ਹੈ ਜਿਹੜਾ ਕਿ ਵੱਖ ਵੱਖ ਸਮਾਜਿਕ ਜਮਾਤਾ, ਰਾਜਾਂ, ਦੇਸ਼ਾਂ ਅਤੇ ਕੌਮਾਂ ਅਤੇ ਗਰੁੱਪਾਂ ਵਿਚਕਾਰ ਪੱਕੇ ਤੋਰ ਤੇ ਉਦੇਸ਼ਾਂ ਦੀ ਪੂਰਤੀ ਲਈ ਹੁੰਦੀ ਹੈ।'' ("A socio-historical phenomenon occuring at a definite state in the development of human society. War is armed coercion organ-ised conflict between the various social classes, states, groups of the countries and nations in order to achieve definite goals")

9. ਕਲਾਜ਼ਵਿਟਜ਼ ਅਨੁਸਾਰ ''ਯੁੱਧ ਕੁੱਝ ਵੀ ਨਹੀਂ ਹੈ ਦੋ ਵਰੋਧੀਆਂ ਵਿਚਕਾਰ ਵਿਸਤ੍ਰਿਤ ਪੈਮਾਨੇ ਤੇ ਲੜਾਈ ਹੈ......ਯੁੱਧ ਇਕ ਐਸੀ ਹਿੰਸਾਤਮਕ ਕ੍ਰਿਆ ਹੈ ਜਿਸ ਦਾ ਪ੍ਰਯੋਗ ਦੁਸ਼ਮਣ ਨੂੰ ਆਪਣੀ ਇੱਛਾ ਮੰਨਾਉਣਲਈ ਕੀਤਾ ਜਾਂਦਾ ਹੈ......ਯੁੱਧ ਸਿਰਫ ਦੂਜੇ ਤਰੀਕਿਆ ਦੁਆਰਾ ਨੀਤੀ ਨੂੰ ਜਾਰੀ ਰੱਖਣਾ ਹੈ।''

(War is nothing but a date on extensive scale.... War is an act of violence intended to compel our opponent to fulfil our will....war is mere a contituation of policy by other means.)

### 1.1.5 ਇਤਿਹਾਸ (History)

ਜੰਗ ਦਾ ਇਤਿਹਾਸ ਜੈਵਿਕ ਇਤਿਹਾਸ ਨਾਲ ਜੁੜਿਆ ਹੋਇਆ ਹੈ। ਜੰਗ ਦੀ ਸ਼ੁਰੂਆਤ ਕੁਝ ਅਰਬ ਸਾਲ ਪਹਿਲਾਂ ਹੋਈ। ਪਹਿਲਾਂ ਇਹ ਸਮੁੰਦਰ ਅਤੇ ਫਿਰ ਇਹ ਧਰਤੀ ਉਪਰ ਫੈਲੀ । ਪਾਣੀ ਵਾਲੇ ਜੀਵਾਂ ਤੋਂ ਬਾਅਦ ਰੀਂਗਣ ਵਾਲੇ ਅਤੇ ਫਿਰ ਦੁਧਾਰੂ ਜੀਵਾਂ ਦਾ ਵਿਕਾਸ ਹੋਇਆ। ਜੰਗ ਦੀ ਉਤਪਤੀ ਨੂੰ ਚਾਰ ਵੱਖੋ–ਵੱਖਰੇ ਪੜਾਵਾਂ ਵਿਚੋਂ ਸਮਝਿਆ ਜਾ ਸਕਦਾ ਹੈ : ਪਹਿਲਾਂ ਮਨੁੱਖ ਦੇ ਪਸ਼ੂਆਂ ਵਰਗੇ ਵਰਤਾਰੇ ਦਾ ਯੁੱਧ, ਦੂਜਾ ਪ੍ਰਾਚੀਨ ਲੋਕਾਂ ਦੀ ਜੰਗ, ਤੀਜਾ ਇਤਿਹਾਸਕ ਜ਼ਗਾਂ ਅਤੇ ਚੋਥਾ ਹੈ ਆਧੁਨਿਕ ਜੰਗਾਂ।

### 1.1.6 ਸਵੈ–ਅਭਿਆਸ ਪ੍ਰਸ਼ਨ

1. ਜੰਗ ਕੀ ਹੈ?

______________________________

______________________________

2. ਜੰਗ ਦੀ ਉਤਪੱਤੀ ਤੇ ਨੋਟ ਲਿਖੋ।

---

---

### 1.1.7 ਪਸ਼ੂਆਂ ਦੀ ਯੁੱਧ ਕਲਾ (Animal Warfare)

ਜੰਗ ਦਾ ਪਿਛੋਕੜ ਸਮਝਣ ਵਾਸਤੇ ਪਸ਼ੂ ਯੁੱਧ ਕਲਾ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਇਸ ਪਿਛੇ ਪਹਿਲਾਂ ਕਾਰਣ ਇਹ ਹੈ ਕਿ ਮਨੁੱਖ ਵੀ ਹੌਲੀ ਹੌਲੀ ਪਸ਼ੂਆਂ ਵਿਚੋਂ ਬਣਿਆ ਹੈ ਅਤੇ ਦੂਜਾ ਕਾਰਨ ਇਹ ਹੈ ਕਿ ਮਨੁੱਖ ਇਸ ਧਰਤੀ ਉਪਰ ਗਿਣਤੀ ਵਿਚ ਪਸ਼ੂਆਂ ਦੇ ਮੁਕਾਬਲੇ ਬਹੁਤ ਘੱਟ ਹੈ ਹਰ ਇਕ ਜੀਵ ਨੇ ਉੱਤਪਤੀ ਉਪਰੰਤ ਆਪਣੇ ਆਪ ਨੂੰ ਵਾਤਾਵਰਣ ਦੇ ਮੁਤਾਬਕ ਢਾਲ ਲਿਆ ਹੈ ਅਤੇ ਸਾਰਿਆਂ ਦੀ ਉੱਤਪਤੀ, ਰਸਾਇਣੀਕ ਬਣਤਰ, ਸੰਗਠਨ, ਵਤੀਰਾ ਅਤੇ ਸਲੂਕ ਇਕੋ ਜਿਹਾ ਹੈ ਇਹਨਾ ਵਿਚ ਖਾਣ-ਪੀਣ ਸੰਬੰਧੀ, ਸੰਤਾਨ ਉੱਤਪਤੀ, ਦੁਸ਼ਮਣੀ ਅਤੇ ਸਾਰਿਆਂ ਦੀ ਭਾਵਨਾਵਾਂ ਵੀ ਇਕੋ ਜਿਹੀਆਂ ਹੁੰਦੀਆਂ ਹਨ। ਅਸੀਂ ਆਮ ਜੀਵਾਂ ਦਾ ਅਧਿਐਨ ਕਰਕੇ ਜੰਗ ਦੇ ਮਨੋਵਿਗਿਆਨਕ ਕਾਰਨਾ ਦਾ ਪਤਾ ਲੱਗਾ ਸਕਦੇ ਹਾਂ। ਇਸ ਤਰ੍ਹਾਂ ਅਧਿਐਨ ਤੋਂ ਸਾਨੂੰ ਮੂਲ ਇੱਛਾਵਾਂ, ਉਹਨਾਂ ਦੇ ਉਦੇਸ਼ ਜਿਵੇਂ ਭੋਜਨ, ਸੈਕਸ, ਪ੍ਰਧਾਨਤਾ ਆਤਮਸੁਰੱਖਿਆ, ਘਰੇਲੂ ਖੇਤਰ, ਕੰਮ-ਕਾਰ, ਆਜ਼ਾਦੀ ਅਤੇ ਸਮਾਜੀ ਬਣਤਰ ਦੇ ਵਰਗੀਕਰਣ ਵਿਚ ਆਸਾਨੀ ਹੋ ਜਾਂਦੀ ਹੈ।

ਜ਼ਿਆਦਾ ਜਾਨਵਰਾਂ ਵਿਚ ਹਿੰਸਕ ਪ੍ਰਵਿਰਤੀ ਪੈਦਾ ਹੋਣ ਦਾ ਮੁੱਖ ਕਾਰਣ ਭੋਜਨ ਪ੍ਰਾਪਤ ਕਰਨਾ ਹੁੰਦਾ ਹੈ ਪਰ ਕੁਝ ਜਾਤੀਆਂ ਵਿਚ ਲੜਾਈ, ਸੈਕਸ, ਭੂਮੀ ਖੇਤਰ, ਪ੍ਰਧਾਨਤਾ ਅਤੇ ਕੰਮ-ਕਾਰ ਦੀ ਇੱਛਾਵਾਂ ਲਈ ਹੁੰਦੀ ਹੈ। ਪਸ਼ੂਆਂ ਵਿਚ ਪੂਰੀ ਤਰ੍ਹਾਂ ਸੰਗਠਿਤ ਸਮਾਜ ਜਿਵੇਂ ਸ਼ਹਿਦ ਦੀ ਮੱਖੀ ਜਾਂ ਕੀੜੀਆਂ ਆਦਿ ਸਮਾਜਿਕ ਇੱਛਾ ਦੇ ਆਧਾਰ ਤੇ ਲੜਦੀਆਂ ਹਨ। ਸ਼ਹਿਦ ਦੀਆਂ ਮੱਖੀਆਂ ਜਾਂ ਕੀੜੀਆਂ ਭੋਜਨ ਪ੍ਰਾਪਤ ਕਰਨ ਲਈ ਜਾਂ ਸਵੈ-ਰੱਖਿਆ ਪ੍ਰਾਪਤ ਕਰਨ ਲਈ ਲੜਦੀਆਂ ਹਨ। ਕਈ ਵਾਰ ਪਸ਼ੂਆਂ ਵਿਚ ਲੜਾਈ ਦਾ ਕਾਰਨ ਕੁਝ ਬਾਹਰੀ ਚੀਜ਼ਾਂ ਹਾਸਲ ਕਰਨ ਲਈ ਜਾਂ ਗੁੱਟ ਵਿਚ ਕਿਸੇ ਅਜਨਬੀ ਦੇ ਆ ਜਾਣ ਤੇ ਜਾਂ ਕੋਈ ਦੁੱਖੀ ਕਰਨ ਵਾਲੇ ਕੰਮ ਹੋਣ ਤੋਂ ਪੈਦਾ ਹੁੰਦਾ ਹੈ। ਇਸ ਅਧਿਕਾਰ (Possessiveness) ਦੇ ਤਹਿਤ ਭੋਜਨ, ਖੇਤਰ, ਉਤਸੁਕਤਾ ਪੈਦਾ ਕਰਨ ਵਾਲੀਆਂ ਚੀਜ਼ਾਂ ਜਿਵੇਂ ਖਿਡੌਣੇ ਆਦਿ ਜਾਂ ਜਾਤੀ ਦੇ ਦੂਜੇ ਮੈਂਬਰ, ਖਾਸ ਕਰਕੇ ਵਿਰੋਧੀ ਸੈਕਸ, ਆਉਂਦੇ ਹਨ। ਇਹ ਅਧਿਕਾਰ ਜਾਂ ਕਬਜ਼ਾ ਕਰਨ ਦੀ ਭਾਵਨਾ ਦੋਹਾਂ ਬਾਂਦਰਾਂ ਅਤੇ ਬੱਚਿਆਂ ਵਿਚ ਇਸ ਚੇਤਨਾ ਦੇ ਬਾਅਦ ਵਧਦੀ ਜਾਂਦੀ ਹੈ ਜਦੋਂ ਉਹਨਾਂ ਨੂੰ ਇਹ ਅਹਿਸਾਸ ਹੰਦਾ ਹੈ ਕਿ ਦੂਜੇ ਗੁੱਟ ਨੂੰ ਵੀ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਹੈ।ਇੰਜ ਬਿਨਾਂ ਆਗਿਆ ਤੋਂ ਆਏ ਮੈਂਬਰਾਂ ਵਿਰੁੱਧ ਲੜਾਈ ਇਸ ਲਈ ਹੁੰਦੀ ਹੈ ਕਿ ਸ਼ਇਦ ਨਵੇਂ ਅਜਨਬੀ ਗੁੱਟ ਪੁਰਾਣੇ ਮੈਂਬਰਾਂ ਦੀ ਸੰਤੁਸ਼ਟੀ ਵਿਚ ਦਖਲ ਦੇਣ ਅਤੇ ਖਾਸ ਕਰਕੇ ਇਸ ਲਈ ਵੀ ਕਿ ਜਬਰੀ ਆਉਣ ਵਾਲੇ ਮੈਂਬਰ ਕਿਤੇ ਕੀਮਤੀ ਵਸਤੂਆਂ ਤੇ ਕਬਜ਼ਾ ਨਾ ਕਰ ਬੈਠੇ। ਇਸ ਤਰ੍ਹਾਂ ਦੇ ਝਗੜੇ ਵੱਡਿਆਂ ਦੀ ਬਜਾਇ ਬੱਚਿਆਂ ਵਿਚ ਜ਼ਿਆਦਾ ਹੁੰਦੇ ਹਨ। ਇਸ ਦਾ ਮੁੱਖ ਕਾਰਨ ਬੱਚਿਆਂ ਵਿਚ ਘੱਟ ਸ਼ਕਤੀ ਦਾ ਹੋਣਾ ਹੈ ।

ਪਸ਼ੂ ਮਨੁੱਖਾਂ ਨਾਲੋਂ ਵਿਅਕਤੀਗਤ ਰੂਪ ਅਤੇ ਸਮਾਜਿਕ ਸੰਗਠਨ ਵਿਚ ਵਧੇਰੇ ਕੁਸ਼ਲ ਹਨ। ਲੜਾਈ ਸੰਬੰਧੀ ਸਮਾਜੀ ਕਾਰਨਾਂ ਨੂੰ ਜਾਣਨ ਵਾਸਤੇ ਅਸੀਂ ਵੱਡੇ ਗੁੱਟਾਂ ਦੇ ਜੀਵਨ ਵਿਚ ਲੜਾਈਆਂ ਦੇ ਕੰਮਾਂ ਦੇ ਅਧਿਐਨ ਤੋਂ ਜਾਣਕਾਰੀ ਹਾਸਲ ਕਰ ਸਕਦੇ ਹਾਂ। ਕੁਝ ਕਾਲੋਨੀਆਂ ਬਣਾ ਕੇ ਰਹਿਣ ਵਾਲੇ ਕੀਟ ਪਤੰਗੇ ਮਨੁੱਖਾਂ ਦੀ ਤਰ੍ਹਾਂ ਕੁਝ ਮੈਂਬਰ ਆਪਣੇ ਸਮਾਜ ਦੀ ਸੁਰੱਖਿਆ ਦਾ ਭਾਰ ਚੁੱਕਦੇ ਹਨ। ਸਾਧਾਰਣ ਤੌਰ ਤੇ ਲੜਾਈ ਦੀ ਇਹ ਆਦਤ, ਭਾਵੇਂ ਵੱਖ-ਵੱਖ ਮੈਂਬਰਾਂ ਵਿਚ ਵੱਖ-ਵੱਖ ਹੋਵੇ, ਸਾਰੀਆਂ ਜਾਤੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਜ਼ਾਹਰ ਕਰਦੀਆਂ ਹਨ। ਇਸ ਤਰ੍ਹਾਂ ਪਸ਼ੂ ਯੁੱਧ ਕਲਾ ਦਾ ਸੰਬੰਧ ਕਿਸੇ ਸਮਾਜ ਜਾਂ ਸੰਸਕ੍ਰਿਤੀ ਦੇ

ਲਈ ਨਹੀਂ ਹੁੰਦਾ ਸਗੋਂ ਆਪਣੀ ਜਾਤੀ ਦੀ ਸੁਰੱਖਿਆ ਲਈ ਅਤੇ ਗੁੱਟ ਦੇ ਮੈਂਬਰਾਂ ਲਈ ਹੁੰਦਾ ਹੈ। ਪਸ਼ੂਆਂ ਨੂੰ ਭਿਆਨਕ ਲੜਾਈ ਕਰਕੇ ਨੁਕਸਾਨ ਹੁੰਦਾ ਹੈ ਇਸ ਲਈ ਪਸ਼ੂਆਂ ਵਿਚ ਭਿਆਨਕ ਲੜਾਈਆਂ ਘੱਟ ਹੀ ਹੁੰਦੀਆਂ ਹਨ। ਸੀਮਿਤ ਭੋਜਨ ਸਾਧਨ ਹੋਣ ਤੇ ਇਕੋ ਪਸ਼ੂ ਜਾਤੀ ਦੇ ਮੈਂਬਰ ਆਪਸ ਵਿਚ ਮੁਕਾਬਲਾ ਕਰਨ ਲਈ ਜਾਨ ਲੇਵਾ ਸੰਘਰਸ਼ ਜਾਂ ਲੜਾਈ ਨਹੀਂ ਕਰਦੇ ਸਗੋਂ ਉਹ ਭੁੱਖਾ ਰਹਿਣ ਜਾਂ ਦੂਰ ਚਲੇ ਜਾਣ ਨੂੰ ਤਰਜੀਹ ਦਿੰਦੇ ਹਨ।

ਕੀੜੀਆਂ, ਸਿਉਂਕਾ ਅਤੇ ਮੱਝਾਂ ਨੇ ਸਾਂਝੇ ਤੌਰ ਤੇ ਸੈਨਿਕ ਵਿਧੀ ਅਪਨਾਈ ਹੈ ਪਰ ਇਸ ਦੀ ਵਰਤੋਂ ਉਹ ਹਮਲੇ ਲਈ ਘੱਟ ਅਤੇ ਬਚਾਅ ਲਈ ਜ਼ਿਆਦਾ ਕਰਦੇ ਹਨ। ਉਹ ਪਸ਼ੂ ਜਿਹੜੇ ਭੱਜਣ ਅਤੇ ਮਾਰ ਕਰਨ ਵਿਚ ਮਾਹਿਰ ਹੁੰਦੇ ਹਨ ਉਹਨਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ ਪਰ ਉਹ ਜੀਵ ਜੋ ਸ਼ਿਕਾਰਖੋਰੀ ਅਤੇ ਦੂਜਿਆਂ ਉਤੇ ਭੋਜਨ ਲਈ ਨਿਰਭਰ ਕਰਦੇ ਹਨ, ਉਨ੍ਹਾਂ ਦੀ ਗਿਣਤੀ ਵਿਚ ਜ਼ਿਆਦਾ ਵਾਧਾ ਨਹੀਂ ਹੁੰਦਾ। ਜਿਵੇਂ ਸਿਉਂਕਾ ਸੁਰੱਖਿਆ ਲਈ ਆਪਣੇ ਚੁਫੇਰੇ ਜਾਲ ਬਣਾਉਂਦੀ ਹੈ ਅਤੇ ਲੜਾਈਆਂ ਤੋਂ ਬਚ ਜਾਂਦੀ ਹੈ। ਕੁਦਰਤੀ ਸੰਤੁਲਨ ਨਾਲ ਪਸ਼ੂਆਂ ਦਾ ਜੀਵਨ ਬਚਿਆ ਰਹਿੰਦਾ ਹੈ। ਪਸ਼ੂਆਂ ਦੀਆਂ ਵਧੇਰੇ ਤੌਰ ਤੇ ਫੈਲੀਆਂ ਜਾਤੀਆਂ ਵਿਚ ਇਹ ਲੱਛਣ ਮਿਲਦੇ ਹਨ। ਜਿਵੇਂ ਕੀੜੀ ਜਾਤੀ ਅਤੇ ਮਨੁੱਖ ਦੋਵੇਂ ਸ਼ਿਕਾਰ, ਚਰਗਾਹ ਅਤੇ ਖੇਤੀਬਾੜੀ ਯੁੱਗ ਵਿਚੋਂ ਲੰਘ ਚੁਕੇ ਹਨ ਪਰ ਮਨੁੱਖ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਆਪਣਾ ਜੀਵਨ ਜ਼ਿਆਦਾ ਦੇਰ ਤਕ ਬਣਾਈ ਰਖ ਸਕਦਾ ਹੈ। ਹਮਲਾ ਕਰਨ ਦੀ ਵਿਧੀ ਅਤੇ ਆਤਮ-ਸੁਰੱਖਿਆ ਦੀ ਵਿਧੀ ਸਾਰੇ ਜਾਨਵਰਾਂ ਵਿਚ ਵੱਖ ਵੱਖ ਅਤੇ ਘੱਟ ਜਾਂ ਜ਼ਿਆਦਾ ਹੁੰਦੀ ਹੈ ਪਰ ਮਨੁੱਖ ਵਿਚ ਇਸ ਤਰ੍ਹਾਂ ਦੀ ਭਿੰਨਤਾ ਘੱਟ ਮਿਲਦੀ ਹੈ ਜਿਸ ਤਰ੍ਹਾਂ ਮਨੁੱਖ ਜਾਤੀ ਵਿਚ 'ਜਿਸ ਦੀ ਲਾਠੀ ਉਸ ਦੀ ਭੈਂਸ' (Might is Right) ਹੁੰਦਾ ਹੈ ਉਸੇ ਤਰ੍ਹਾਂ ਇਹ ਸਿਧਾਂਤ ਪਸ਼ੂਆਂ ਉਪਰ ਵੀ ਲਾਗੂ ਹੁੰਦਾ ਹੈ। ਪਸ਼ੂਆਂ ਅਤੇ ਮਨੁੱਖਾਂ ਦੋਨਾਂ ਦੇ ਤੁਲਨਾਤਮਕ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਰ ਆਪਣੇ ਘਰ ਅਤੇ ਪ੍ਰੀਵਾਰ ਨੂੰ ਬਚਾਉਣ ਲਈ ਜ਼ਿਆਦਾ ਜੋਸ਼ੀਲਾ ਹੁੰਦਾ ਹੈ। ਇਹ ਪ੍ਰਵਿਰਤੀ ਜਾਨਵਰਾਂ ਅਤੇ ਮਨੁੱਖ ਦੋਨਾਂ ਵਿਚ ਮਿਲਦੀ ਹੈ। ਜਿਸ ਤਰ੍ਹਾਂ ਜਾਨਵਰਾਂ ਵਿਚ ਲੜਾਈ ਲਈ ਪ੍ਰੇਰਕ ਤੱਤਾਂ ਵਿਚ ਭੋਜਨ, ਸੈਕਸ ਪ੍ਰਧਾਨਤਾ, ਆਤਮ ਸੁਰੱਖਿਆ ਅਤੇ ਘਰੇਲੂ ਖੇਤਰ ਆਦਿ ਹਨ ਉਸੇ ਤਰ੍ਹਾਂ ਅੱਜ ਕਲ ਦੇਸ਼ਾਂ ਵਿਚ ਲੜਾਈ ਲਈ ਅਜਿਹੇ ਹੀ ਕੁਝ ਕਾਰਨ ਹੁੰਦੇ ਹਨ।

ਇਸ ਸਮੇਂ ਦੌਰਾਨ ਹਥਿਆਰ ਦੇ ਤੌਰ ਤੇ ਸਰੀਰ ਦੇ ਕੁਝ ਅੰਗ ਜਿਵੇਂ ਨਹੁੰ, ਹੱਥ ਪੈਰ ਅਤੇ ਦੰਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪਰ ਕੁਝ ਜਾਤੀਆਂ ਜਿਵੇਂ ਮਨੁੱਖ ਬਾਂਦਰ ਆਦਿ ਪੱਥਰਾਂ ਦੀ ਵਰਤੋਂ ਕਰਦੇ ਸਨ ਕਿਉਂਕਿ ਮਨੁੱਖ ਕੋਲ ਸਰੀਰਕ ਸ਼ਕਤੀ ਚਾਹੇ ਸੀਮਿਤ ਸੀ ਪਰ ਦਿਮਾਗ ਦੀ ਵਰਤੋਂ ਨਾਲ ਤਜਰਬੇ ਨਾਲ ਇਨ੍ਹਾਂ ਪੱਥਰਾਂ ਆਦਿ ਨੂੰ ਵਧੀਆ ਤਰੀਕੇ ਨਾਲ ਵਰਤਣਾ ਜ਼ਰੂਰ ਸਿੱਖ ਗਿਆ ਸੀ।

### 1.1.8 ਪ੍ਰਾਚੀਨ ਜੰਗ (Primitive Warfare/Ancient Warfare)

ਪਸ਼ੂ ਯੁੱਧ ਕਲਾ ਅਤੇ ਸਭਿਅਕ ਯੁੱਧ ਕਲਾ ਦੇ ਵਿਚ ਜੋ ਸਮਾਂ ਆਉਂਦਾ ਹੈ ਉਸ ਨੂੰ ਪ੍ਰਾਚੀਨ ਜੰਗਾਂ ਦਾ ਸਮਾਂ ਕਿਹਾ ਜਾਂਦਾ ਹੈ। ਇਸ ਸਮੇਂ ਵਿਚ ਮਨੁੱਖ ਕੁਲਾਂ (clans), ਕਬੀਲਿਆਂ ਅਤੇ ਪਿੰਡਾਂ ਵਿਚ ਰਹਿਣ ਲਗ ਪਿਆ ਸੀ ਜਿਨ੍ਹਾਂ ਦੀਆਂ ਕੁਝ ਸਾਂਝੀਆਂ ਭਾਸ਼ਾਵਾਂ ਅਤੇ ਸਾਂਝੇ ਰੀਤੀ ਰਿਵਾਜ ਸਨ। ਇਸ ਸਮੇਂ ਦਾ ਕੋਈ ਲਿਖਤੀ ਰਿਕਾਰਡ ਨਹੀਂ ਹੈ ਪਰ ਹੋਰ ਸੋਮੇ ਵੀ ਬੜੇ ਸੀਮਤ ਹਨ ਜਿਸ ਕਰਕੇ ਇਸ ਸਮੇਂ ਦੇ ਮਨੁੱਖ ਦੇ ਇਤਿਹਾਸ ਬਾਰੇ ਜਾਣਕਾਰੀ ਬੜੀ ਸੀਮਿਤ ਹੋ ਜਾਂਦੀ ਹੈ। ਇਸ ਲਈ ਪ੍ਰਾਚੀਨ ਮਨੁੱਖ ਦੇ ਰਹਿਣ ਸਹਿਣ ਦੇ ਤਰੀਕੇ ਅਤੇ ਜੰਗ ਦੇ ਤਰੀਕੇ ਬਾਰੇ ਕੁਝ ਜ਼ਿਆਦਾ ਨਹੀਂ ਕਿਹਾ ਜਾ ਸਕਦਾ। ਪਰ ਮਾਨਵ ਇਤਿਹਾਸ ਦੇ ਅਧਿਐਨ ਤੋਂ ਅੰਦਾਜ਼ਾ ਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖ ਦੀ ਕੋਈ ਲਿਪੀ ਅਜੇ ਵਿਕਸਿਤ ਨਹੀਂ ਹੋਈ ਸੀ ਪਰ ਬੋਲੀ ਰਾਹੀਂ ਆਪਸ ਵਿਚ ਇਕ ਦੂਜੇ ਨੂੰ ਕਹਿ ਸੁਣ ਸਕਦਾ ਸੀ। ਇਸ ਤਰ੍ਹਾਂ ਸਮਾਜਿਕ, ਰਾਜਨੀਤਕ, ਖੂਨ ਦੇ ਰਿਸ਼ਤੇ ਜਾਂ ਸ਼ਿਕਾਰ ਆਦਿ ਲਈ ਉਸ ਦੇ ਹਿੱਤ ਜ਼ਰੂਰ ਸਾਂਝੇ ਹੋ ਗਏ ਸਨ। ਇਸ ਤਰ੍ਹਾਂ ਮਨੁੱਖ ਜਾਨਵਰਾਂ ਦੇ ਗਰੁੱਪਾਂ ਨਾਲੋਂ ਵਿਕਸਤ ਜ਼ਰੂਰ ਹੋ ਗਿਆ ਸੀ। ਮਨੁੱਖ

ਸੰਗਠਿਤ ਹੋ ਕੇ ਸ਼ਿਕਾਰ ਕਰ ਸਕਦਾ ਸੀ ਅਤੇ ਪੱਥਰਾਂ, ਨੇਜ਼ਿਆਂ, ਸੋਟੀਆਂ ਅਤੇ ਤੀਰ ਕਮਾਨਾਂ ਨਾਲ ਉਹਨਾਂ ਨਾਲ ਲੜ ਸਕਦਾ ਸੀ ਜਿਹੜਾ ਉਸ ਦੇ ਅਧਿਕਾਰਾਂ ਲਈ ਕੋਈ ਸਮੱਸਿਆ ਖੜੀ ਕਰਦੇ ਸਨ। ਮਨੁੱਖ ਬਚਾਅ ਲਈ ਜਾਨਵਰਾਂ ਦੀਆਂ ਖੱਲਾਂ ਤੋਂ ਬਣੀਆਂ ਢਾਲਾਂ ਆਦਿ ਦੀ ਵਰਤੋਂ ਵੀ ਕਰਨ ਲੱਗ ਪਿਆ ਸੀ।

ਮਨੁੱਖ ਜਾਨਵਰਾਂ ਵਾਂਗ ਗਰੁੱਪ ਜਾਂ ਸਮੂਹ ਵਿਚ ਰਹਿੰਦਾ ਸੀ ਅਤੇ ਇਹ ਇਕ ਥਾਂ ਤੋਂ ਦੂਜੀ ਥਾਂ ਇਕੱਠੇ ਘੁੰਮਦੇ ਰਹਿੰਦੇ ਸਨ। ਇਹ ਮਨੁੱਖ ਜਾਤੀ, ਸਮਾਜਿਕ, ਭਾਸ਼ਾ ਅਤੇ ਸਭਿਆਚਾਰ ਮੇਲਾਂ ਦੇ ਅਧਾਰ ਤੇ ਇਕੱਠਾ ਹੁੰਦਾ ਸੀ। ਇਸ ਤਰ੍ਹਾਂ ਵੱਖ ਵੱਖ ਗਰੁਪਾਂ ਲਈ ਪ੍ਰੇਰਿਕ ਤੱਤ, ਲੜਾਈਆਂ ਦੀਆਂ ਵਿਧੀਆਂ ਅਤੇ ਹੋਰ ਤਰੀਕੇ ਵੱਖੋ ਵੱਖਰੇ ਹੁੰਦੇ ਸਨ। ਭੂਗੋਲਿਕ ਤੌਰ ਤੇ ਮਹਾਂਦੀਪ, ਭੂਮੀ ਦੀ ਬਣਤਰ ਅਤੇ ਜਲਵਾਯੂ ਦੀ ਹਾਲਤ ਦੇ ਅਨੁਸਾਰ ਪ੍ਰਾਚੀਨ ਮਨੁੱਖ ਨੂੰ ਵੰਡਿਆ ਜਾ ਸਕਦਾ ਹੈ। ਮੋਟੇ ਜਿਹੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਠੰਡੇ ਇਲਾਕੇ ਵਿਚ ਰਹਿਣ ਵਾਲੇ ਲੋਕ ਸੀਤੋਸ਼ੀਣ (temperate) ਗਰਮ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨਾਲੋਂ ਘੱਟ ਲੜਾਕੇ ਸੁਭਾਅ ਦੇ ਹੁੰਦੇ ਹਨ। ਕੁਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਮਾਰੂਥਲ ਅਤੇ ਸਮੁੰਦਰ ਵਿਚ ਰਹਿਣ ਵਾਲੇ ਲੋਕ ਜੰਗਲਾਂ ਅਤੇ ਪਹਾੜਾਂ ਵਿਚ ਰਹਿਣ ਵਾਲੇ ਲੋਕਾਂ ਨਾਲੋਂ ਜ਼ਿਆਦਾ ਲੜਾਕੇ ਸੁਭਾਅ ਦੇ ਹੁੰਦੇ ਹਨ। ਪ੍ਰਾਚੀਨ ਜੰਗ ਦਾ ਕਾਰਨ ਵੀ ਪਸ਼ੂ ਜੰਗਾਂ ਵਾਂਗ ਸਮਾਜੀ ਸੰਗਠਨਾਂ ਦੇ ਆਪਸੀ ਮੇਲ ਜੋਲ ਤੋਂ ਬਾਅਦ ਹੁੰਦਾ ਸੀ। ਜੇ ਅਸੀਂ ਪ੍ਰਾਚੀਨ ਜੰਗ ਦੇ ਕਾਰਨਾਂ, ਮਨੋਰਥ ਅਤੇ ਨਮੂਨੇ ਨੂੰ ਸਮਝਣਾ ਹੈ ਤਾਂ ਇਸ ਲਈ ਮਨੁੱਖ ਦੀ ਸਮਾਜਿਕ ਅਤੇ ਮਨੋਵਿਗਿਆਨਕ ਬਣਤਰ ਨੂੰ ਜ਼ਰੂਰ ਸਮਝਣਾ ਪਵੇਗਾ। ਪ੍ਰਾਚੀਨ ਮਨੁੱਖ ਦੀ ਜੰਗ ਬੜੀ ਸੀਮਿਤ ਹੁੰਦੀ ਸੀ। ਖੇਤੀਬਾੜੀ ਦੇ ਸ਼ੁਰੂ ਹੋ ਜਾਣ ਤਕ ਆਰਥਿਕ ਜਾਂ ਰਾਜਨੀਤਿਕ ਕਾਰਨ ਇਸ ਵਿਚ ਘੱਟ ਸ਼ਾਮਲ ਹੁੰਦੇ ਸਨ।

ਉਹ ਸਾਰੇ ਪ੍ਰੇਰਿਕ ਤੱਤ ਜਿਹੜੇ ਕਿ ਪਸ਼ੂ ਯੁੱਧ ਕਲਾ ਵਿਚ ਜ਼ਰੂਰੀ ਸਨ, ਜਿਵੇਂ ਭੋਜਨ, ਕਾਮ, ਭੂਮੀ ਖੇਤਰ, ਕਾਰਜ, ਆਤਮ ਸੁਰੱਖਿਆ, ਸਮਾਜਿਕ ਦਬਦਬਾ ਅਤੇ ਸਵਤੰਤਰਤਾ ਹੀ ਪ੍ਰਾਚੀਨ ਯੁੱਧ ਕਲਾ ਦੇ ਤੱਤ ਸਨ। ਖਾਨਾਂਬਦੋਸ਼ਾਂ ਦੀਆਂ ਚਰਗਾਹਾਂ ਵਿਚ ਕਮੀ ਆ ਜਾਂਦੀ ਸੀ ਤਾਂ ਇਸ ਲਈ ਮਵੇਸ਼ੀਆਂ ਤੇ ਹਮਲਾ ਕੀਤਾ ਜਾਂਦਾ ਸੀ। ਇਸ ਤਰ੍ਹਾਂ ਆਦਮ ਜਾਤੀਆਂ ਦੇ ਲੋਕਾਂ ਵਿਚ ਪਸ਼ੂਆ ਦੀ ਤਰ੍ਹਾਂ ਭੋਜਨ ਪ੍ਰਾਪਤੀ ਲਈ ਵੀ ਹਿੰਸਾ ਦਾ ਪ੍ਰਯੋਗ, ਜੀਵਾਂ ਵਿਰੁੱਧ ਕੀਤਾ ਜਾਂਦਾ ਸੀ। ਬਾਹਰੀ ਜਾਤੀਆਂ ਦੇ ਕਬੀਲਿਆਂ ਵਿਚ ਔਰਤਾਂ ਵੀ ਲੜਾਈ ਦਾ ਇਕ ਕਾਰਣ ਸਨ। ਸੈਕਸ ਨਿਯਮਾਂ ਦੀ ਉਲੰਘਣਾ, ਬਲਾਤਕਾਰ ਅਤੇ ਦੁਰਾਚਾਰ ਆਦਿ ਦੂਜੇ ਗੁਟ ਦੇ ਮੈਂਬਰਾਂ ਪ੍ਰਤੀ ਲੜਾਈ ਦਾ ਮੁੱਖ ਕਾਰਨ ਸਨ। ਆਦਿਮ ਲੋਕਾਂ ਵਿਚ ਆਮ ਤੌਰ ਤੇ ਲੜਾਈਆਂ ਦਾ ਮੁੱਖ ਮੰਤਵ ਸਾਹਸ ਪ੍ਰਦਰਸ਼ਨ ਅਤੇ ਖੇਡ ਦੀ ਭਾਵਨਾ ਵੀ ਹੁੰਦੀ ਸੀ। ਸਾਹਸ ਦਾ ਪ੍ਰਦਰਸ਼ਨ ਕਰਦੇ ਖੁਸ਼ੀ ਖੁਸ਼ੀ ਬਿਨਾਂ ਕੀਮਤੀ ਚੀਜ਼ਾਂ ਦੇ ਵਾਪਸ ਆ ਜਾਂਦੇ ਸਨ। ਇਸ ਤਰ੍ਹਾਂ ਦੀਆਂ ਛੋਟੀਆਂ ਹਲਕੀਆਂ ਫੁਲਕੀਆਂ ਲੜਾਈਆਂ ਨਾਲ ਇਨ੍ਹਾਂ ਦੀ ਗੁੱਸੇ ਦੀ ਪ੍ਰਵਿਰਤੀ ਨੂੰ ਸ਼ਾਂਤੀ ਮਿਲਦੀ ਸੀ ਅਤੇ ਦੋਹਾਂ ਧਿਰਾਂ ਦੀ ਸਮਾਜਿਕ ਇਕਸਾਰਤਾ ਅਤੇ ਆਰਥਿਕ ਹਿੱਤਾਂ ਨੂੰ ਵੀ ਕੋਈ ਨੁਕਸਾਨ ਨਹੀਂ ਹੁੰਦਾ ਸੀ। ਸਾਧਾਰਣ ਤੌਰ ਤੇ ਆਦਮ ਜਾਤੀਆਂ ਵਿਚ ਲੜਾਈ ਵਿਅਕਤੀਗਤ ਭਾਵਨਾ ਤੇ ਆਧਾਰਿਤ ਨਾ ਹੋ ਕੇ ਗੁੱਟ ਦੇ ਬਹੁਮੱਤ ਤੇ ਆਧਾਰਿਤ ਹੁੰਦੀ ਸੀ। ਭਾਵੇਂ ਬਹੁਮਤ ਦੀ ਭਾਵਨਾ ਵੀ ਮਨੁੱਖੀ ਕੁਦਰਤੀ ਇੱਛਾ ਤੇ ਨਿਰਭਰ ਕਰਦੀ ਹੈ ਪਰ ਆਦਿਮ ਲੋਕਾਂ ਵਿਚ ਸੈਕਸ, ਮੰਤਵ ਅਤੇ ਸਮਾਜਿਕ ਸਹਾਨੁਭੂਤੀ ਲੜਾਈ ਦੇ ਮੁੱਖ ਕਾਰਣ ਸਨ ਪਰ ਇਨ੍ਹਾਂ ਲੜਾਈਆਂ ਦਾ ਆਧਾਰ ਵੀ ਸਮੱਸਿਆਵਾਂ ਹਨ ਨਾ ਕਿ ਮਨੋਵਿਗਿਆਨਕ ਕਾਰਨ।

ਪ੍ਰਾਚੀਨ ਮਨੁੱਖ ਪਸ਼ੂਆਂ ਦੀ ਤਰ੍ਹਾਂ ਆਪਣੀ ਸੁਰੱਖਿਆ ਨਹੀਂ ਸੀ ਕਰ ਸਕਦਾ ਤੇ ਨਾ ਹੀ ਹਮਲਾ ਕਰ ਸਕਦਾ ਸੀ। ਪਸ਼ੂਆਂ ਦੀ ਤਰ੍ਹਾਂ ਉਸ ਦੇ ਹੱਥਾਂ, ਜਬਾੜਿਆਂ ਅਤੇ ਨੋਹਾਂ ਵਿਚ ਤਾਕਤ ਨਹੀਂ ਹੁੰਦੀ ਸੀ। ਇਸ ਸਰੀਰਕ ਕਮਜ਼ੋਰੀ ਦੇ ਬਦਲੇ ਮਨੁੱਖ ਨੂੰ ਮਨੋਵਿਗਿਆਨਕ ਜਾਂ ਦਿਮਾਗੀ ਸ਼ਕਤੀ ਮਿਲੀ ਹੈ ਜਿਸ ਨਾਲ ਮਨੁੱਖ ਲਈ ਇਹ ਸੰਭਵ ਹੋ ਸਕਿਆ ਹੈ ਕਿ ਉਹ ਆਪਣੇ ਸਰੀਰ ਤੋਂ ਵੱਖਰੇ ਹਥਿਆਰ ਬਣਾ ਸਕੇ, ਸੰਗਠਿਤ ਹੋ ਸਕੇ ਅਤੇ ਆਪਣਾ ਉਦੇਸ਼ ਪੂਰੇ ਯਤਨ ਅਤੇ ਹੌਸਲੇ ਨਾਲ ਪੂਰਾ ਕਰ ਸਕੇ। ਪ੍ਰਾਚੀਨ

ਮਨੁੱਖ ਦੇ ਬਹੁਤੇ ਹਥਿਆਰ ਹੱਥ, ਪੈਰ ਜਾਂ ਮੂੰਹ ਨਾਲ ਚਲਣ ਵਾਲੇ ਹੁੰਦੇ ਸਨ। ਇਹ ਲੜਾਈ ਵਿਚ ਕੰਮ ਆਉਣ ਵਾਲੇ ਹਥੋੜੇ, ਕੁਹਾੜੇ, ਤਲਵਾਰ ਤੀਰ ਜਾਂ ਦੂਰ ਮਾਰ ਕਰਨ ਵਾਲੇ ਹਥਿਆਰ ਜਿਵੇਂ ਬਰਛੇ , ਹੱਥ ਨਾਲ ਛੱਡਿਆ ਤੀਰ, ਪੈਰ ਨਾਲ ਖਿਚਿਆ ਧਨੁਸ਼ ਆਦਿ। ਇਨ੍ਹਾਂ ਹਥਿਆਰਾਂ ਦੇ ਨੁਕੀਲੇ ਕਿਨਾਰੇ ਸਖਤ ਲਕੜੀ, ਪੱਥਰ, ਹੱਡੀ ਜਾਂ ਧਾਤੂ ਦੇ ਬਣੇ ਹੁੰਦੇ ਸਨ, ਜਿਨ੍ਹਾਂ ਦੇ ਕਿਨਾਰੇ ਤੇ ਜ਼ਹਿਰ ਲਗਿਆ ਹੁੰਦਾ ਸੀ। ਸਾਧਾਰਣ ਤੌਰ ਤੇ ਪ੍ਰਾਚੀਨ ਮਨੁੱਖ ਦਾ ਲੜਨ ਦਾ ਤਰੀਕਾ ਸ਼ਿਕਾਰੀਆਂ ਵਰਗਾ ਹੀ ਸੀ। ਪ੍ਰਾਚੀਨ ਮਨੁੱਖ ਰੱਖਿਆ ਲਈ ਲਕੜੀ ਜਾਂ ਚਮੜੇ ਦੀ ਬਣੀ ਢਾਲ ਦੀ ਵਰਤੋਂ ਵੀ ਕਰਦਾ ਸੀ। ਜ਼ਿਆਦਾਤਰ ਲੜਾਈਆਂ ਛਾਪਾਮਾਰ ਲੜਾਈਆਂ ਹੁੰਦੀਆਂ ਸਨ। ਕਿਲ੍ਹੇਬੰਦੀ ਘੱਟ ਵੱਧ ਹੀ ਕੀਤੀ ਜਾਂਦੀ ਸੀ। ਪ੍ਰਾਚੀਨ ਜਾਤੀਆਂ ਵਿਚ ਲੜਾਈ ਦਾ ਸਭ ਤੋਂ ਵੱਡਾ ਕੰਮ ਲੜਨ ਵਾਲੇ ਗੁੱਟ ਦੀ ਏਕਤਾ ਦੀ ਸੁਰੱਖਿਆ ਕਰਨਾ ਸੀ।

ਜਿਉਂ ਜਿਉਂ ਸਭਿਅਤਾ ਦਾ ਵਿਕਾਸ ਹੁੰਦਾ ਹੈ, ਤਿਉਂ-ਤਿਉਂ ਲੜਾਈ ਕਰਨ ਵਾਲੇ ਗੁੱਟਾਂ ਵਿਚ ਵੀ ਵਾਧਾ ਹੁੰਦਾ ਹੈ। ਯੋਧਾ ਗੁੱਟ ਦੀ ਮਾਹਿਰਤਾ ਹਾਸਲ ਕਰ ਲੈਂਦੇ ਸਨ। ਵਗਾਹ ਕੇ ਮਾਰਨ ਵਾਲੇ ਹਥਿਆਰਾਂ, ਜਿਵੇਂ ਗੁਲੇਲ, ਬਰਛਾ ਅਤੇ ਤੀਰ ਕਮਾਨ ਦੀ ਜਗ੍ਹਾਂ ਮਾਰ ਕਰਨ ਵਾਲੇ ਹਥਿਆਰ ਜਿਵੇਂ ਨੇਜੇ, ਕੁਹਾੜੇ ਅਤੇ ਤਲਵਾਰ ਨੇ ਲੈ ਲਈ। ਪ੍ਰਾਚੀਨ ਯੁੱਧ ਕਲਾ ਦਾ ਅਧਿਐਨ ਇਸ ਲਈ ਜ਼ਰੂਰੀ ਹੈ ਕਿ ਪ੍ਰਾਚੀਨ ਲੋਕਾਂ ਵਿਚ ਯੁੱਧ ਕਲਾ ਦੀ ਸੰਸਕ੍ਰਿਤੀ, ਰਾਜਨੀਤਿਕ ਸੰਗਠਨ ਅਤੇ ਦੂਜੇ ਗੁੱਟਾਂ ਨਾਲ ਸੰਬੰਧ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੇ ਸਨ। ਅਜੋਕੀਆਂ ਜੰਗਾਂ ਦੇ ਕਾਰਨਾਂ ਵਾਂਗ ਪ੍ਰਾਚੀਨ ਜੰਗਾਂ ਦੇ ਲਈ ਪ੍ਰੇਰਿਤ ਤੱਤ ਭੋਜਨ, ਕਾਮ, ਖੇਤਰ ਕਾਰਜ, ਆਤਮ-ਸੁਰੱਖਿਆ, ਸਮਾਜਕ ਦਬਾ ਅਤੇ ਸੁਤੰਤਰਤਾ ਆਦਿ ਸਨ।

### 1.1.9 ਇਤਿਹਾਸਕ ਯੁੱਧ ਕਲਾ (Historical Warfare)

ਇਤਿਹਾਸਕ ਜੰਗਾਂ ਦਾ ਸਮਾਂ ਅਸੀਂ ਮਿਸਰ ਅਤੇ ਮੈਸੋਪੋਟਾਮੀਆਂ ਸਭਿਆਤਾਵਾਂ ਦੇ ਕਾਲ ਤੋਂ 15ਵੀਂ ਸਦੀ ਤੱਕ ਦਾ ਸਮਾਂ, ਜੋ ਕਿ 6000 ਵਰ੍ਹਿਆਂ ਤੋਂ ਵੀ ਵੱਧ ਹੈ, ਮੰਨਦੇ ਹਾਂ ਜਿਹੜਾ ਕਿ ਇਤਿਹਾਸਕ ਯੁੱਧ ਕਲਾ ਤੇ ਪਏ ਪ੍ਰਭਾਵ ਨੂੰ ਸਮਝਣ ਵਿਚ ਮਦਦ ਕਰਦਾ ਹੈ। ਇਸ ਸਮੇਂ ਵਿਚ ਸਾਡੇ ਕੋਲ ਮਨੁੱਖੀ ਸਭਿਅਤਾ ਦਾ ਲਿਖਤੀ ਰਿਕਾਰਡ ਵੀ ਮਿਲਦਾ ਹੈ। ਇਸ ਲਿਖਤੀ ਰਿਕਾਰਡ ਵਿਚ ਆਪਸੀ ਮੇਲ ਜੋਲ ਅਤੇ ਝਗੜਿਆਂ ਦਾ ਲੜਾਈ ਦੁਆਰਾ ਫੈਸਲਾ ਕੀਤੇ ਜਾਣ ਦੇ ਰਿਕਾਰਡ ਵੀ ਮਿਲਦੇ ਹਨ। ਇਸ ਤੋਂ ਬਾਅਦ ਮੱਧ ਕਾਲ ਸਮੇਂ ਵਿਚ ਈਸਾਈ ਯੂਰਪੀ ਸਭਿਆਤਾਵਾਂ ਅਤੇ ਉੱਤਰੀ ਅਫਰੀਕਨ ਅਤੇ ਮੱਧ ਪੂਰਬ ਦੀ ਮੁਸਲਿਮ ਸਭਿਅਤਾ ਬਾਰੇ ਰਿਕਾਰਡ ਮਿਲਦੇ ਹਨ। ਥੋੜ੍ਹੇ ਜਿਹੇ ਪਿਛਲੇ ਸਮੇਂ ਨੂੰ ਛੱਡ ਕੇ ਲੜਾਈਆਂ ਦੇ ਇਤਿਹਾਸਕ ਰਿਕਾਰਡ ਬਹੁਤ ਜ਼ਿਆਦਾ ਬਿਖਰੇ ਹੋਏ ਹਨ। ਇਤਿਹਾਸ ਦੇ ਲੰਮੇ ਸਮੇਂ ਵਿਚ ਵਾਪਰਨ ਵਾਲੀਆਂ ਫੌਜੀ ਘਟਨਾਵਾਂ, ਉਨ੍ਹਾਂ ਦੇ ਰੁੱਖ ਅਤੇ ਉਨ੍ਹਾਂ ਵਿਚ ਤਬਦੀਲੀਆਂ ਨੂੰ ਇਕੱਠਾ ਕਰਨ ਦੇ ਯਤਨ ਕੀਤੇ ਗਏ ਹਨ। ਪੰਜਵੀ ਸਦੀ ਤੋਂ ਪੱਛਮੀ ਯੂਰਪ ਅਤੇ ਪੁਰਾਤਨ ਮੈਡੀਟਰੇਨੀਅਨ ਦੀ ਸਭਿਅਤਾਵਾਂ ਦੀਆਂ ਲੜਾਈਆਂ ਦਾ ਕਾਫੀ ਲੇਖਾ ਜੋਖਾ ਮਿਲ ਜਾਂਦਾ ਹੈ। ਅਗਰ ਮਿਸਰ, ਮੈਸੋਪੋਟਾਮੀਆਂ, ਸੀਰੀਆਂ, ਭਾਰਤੀ ਅਤੇ ਚੀਨੀ ਸਭਿਅਤਾਵਾਂ ਦੀਆਂ ਲੜਾਈਆਂ ਦਾ ਵਰਣਨ ਜਾਂ ਲੇਖਾ ਜੋਖਾ ਠੀਕ ਢੰਗ ਨਾਲ ਮਿਲ ਜਾਵੇ ਤਾਂ ਤੁਲਨਾਤਮਕ ਅਧਿਐਨ ਵਿਚ ਮਦਦ ਮਿਲ ਸਕਦੀ ਹੈ। ਇਨ੍ਹਾਂ ਲੜਾਈਆਂ ਬਾਰੇ ਕਾਫੀ ਸਮਗਰੀ ਮੌਜੂਦ ਹੈ ਪਰ ਕੁਝ ਖਾਸ ਮਾਹਿਰ ਇਤਿਹਾਸਕਾਰਾਂ ਨੂੰ ਛੱਡ ਕੇ ਬਾਕੀ ਇਨ੍ਹਾਂ ਦਾ ਪੂਰਨ ਪ੍ਰਯੋਗ ਨਹੀਂ ਕਰ ਸਕੇ। ਇਤਿਹਾਸਕ ਦੌਰ ਵਿਚ ਸਾਰਿਆਂ ਸਮਿਆਂ ਤੇ ਕਿਸੇ ਵੀ ਫੌਜੀ ਘਟਨਾ ਦਾ ਇਕੋ ਜਿਹਾ ਪ੍ਰਭਾਵ ਨਹੀਂ ਪਿਆ ਸਗੋਂ ਇਹ ਵੱਖ ਵੱਖ ਤੌਰ ਤੇ ਮਹੱਤਵਪੂਰਨ ਹਨ। ਲੜਾਈ ਵਿਚ ਹਿੱਸਾ ਲੈਣ ਵਾਲੇ ਯੋਧਿਆਂ ਦੀ ਵੱਖ ਵੱਖ ਪ੍ਰਕ੍ਰਿਤੀ ਅਤੇ ਵੱਖ ਵੱਖ ਉਦੇਸ਼ ਹੋਣ ਕਰਕੇ ਫੌਜੀ ਘਟਨਾਵਾਂ ਵਿਚ ਕਾਫੀ ਭਿੰਨਤਾ ਰਹੀ ਹੈ।

ਛੇ ਹਜਾਰ ਸਾਲ ਪਹਿਲਾਂ ਵਾਲੇ ਇਕੱਲੇ ਰਹਿੰਦੇ ਹੋਏ ਨਾ ਬਦਲਣ ਵਾਲੇ ਆਦਮ ਲੋਕ ਵੀ ਮਨੁੱਖ ਜਾਤੀ

ਦਾ ਹਿੱਸਾ ਸਨ ਜਿਨ੍ਹਾਂ ਵਿਚ ਰਾਸ਼ਟਰੀਅਤਾ ਪ੍ਰਤੀ ਚੇਤਨਾ ਆਉਣ ਤੇ ਪਰਿਵਰਤਨ ਆਇਆ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਰਾਜ ਰੂਪ ਵਿਚ ਸੰਗਠਿਤ ਕਰ ਲਿਆ। ਇਸ ਤਰ੍ਹਾਂ ਆਦਮ ਲੋਕ ਵੀ ਆਪਣੇ ਤੰਗ ਦਾਇਰੇ ਤੋਂ ਬਾਹਰ ਆ ਗਏ। ਇਹੀ ਆਦਮ ਲੋਕ ਇਤਿਹਾਸ ਖੇਤਰ ਵਿਚ ਆਉਂਦੇ ਹਨ।

ਸਭਿਅਤਾ ਵਿਚ ਤਬਦੀਲੀਆਂ ਆਉਣ 'ਤੇ ਜੰਗੀ ਪਰਿਸਥਿਤੀਆਂ ਤੇ ਵੀ ਪ੍ਰਭਾਵ ਪੈਂਦਾ ਹੈ। ਇਨ੍ਹਾਂ ਦੋਹਾਂ ਵਿਚ ਠੀਕ ਸੰਬੰਧ ਕਾਇਮ ਕਰਨਾ ਸੰਭਵ ਨਹੀਂ ਹੈ ਕਿਉਂਕਿ ਕੁਝ ਹੀ ਸਭਿਅਤਾਵਾਂ ਦੇ ਸੰਖਿਆਤਮਕ ਅੰਕੜੇ ਮੌਜੂਦ ਹਨ। ਇਥੋਂ ਤੱਕ ਕਿ ਕੁਝ ਸਭਿਆਤਾਵਾਂ ਦੇ ਲੜਾਈ ਅਤੇ ਫੌਜ ਸੰਬੰਧੀ ਲੱਛਣ ਅਤੇ ਵਿਸ਼ੇਸ਼ਤਾਈਆਂ ਦੇ ਵਰਣਨ ਅਧੂਰੇ ਹਨ। ਕਿਸੇ ਵੀ ਸਭਿਅਤਾ ਨੂੰ ਠੀਕ ਤਰ੍ਹਾਂ ਸਮਝਣਾ ਸੌਖਾ ਨਹੀਂ ਹੈ ਕਿਉਂਕਿ ਕੋਈ ਸਭਿਅਤਾ ਆਪਣੇ ਜੀਵਨ ਕਾਲ ਵਿਚ ਕਈ ਰਾਜਾਂ ਵਿਚ ਫੈਲੀ ਹੁੰਦੀ ਹੈ ਜਿਹੜੇ ਕਈ ਹੋਰ ਰਾਜਾਂ ਨਾਲ ਸੰਪਰਕ ਰਖਦੇ ਹਨ। ਉਹ ਰਾਜ ਸੰਘ, ਕੇਂਦਰ ਜਾਂ ਕਈ ਗੁਟਾਂ ਵਿਚ ਵੰਡੇ ਹੁੰਦੇ ਹਨ।

ਇਤਿਹਾਸਕ ਦੌਰ ਦਾ ਵੱਖ ਸਮੇਂ ਵੱਖ ਵੱਖ ਮਹੱਤਵ ਰਿਹਾ ਹੈ। ਪੱਛਮੀ ਦੇਸ਼ਾਂ ਦੀਆਂ ਫੌਜਾਂ ਵੱਡੀਆਂ ਹੁੰਦੀਆਂ ਸਨ। ਪੁਰਾਤਨ ਸਮੇਂ ਅਤੇ ਆਧੁਨਿਕ ਸਮੇਂ ਵਿਚ ਇਹ ਲੜਾਈਆਂ ਮੱਧਕਾਲ ਦੇ ਮੁਕਾਬਲੇ ਜ਼ਿਆਦਾ ਵਿਸਤ੍ਰਿਤ ਸਨ। ਅਸੀਂ ਇਹ ਵੀ ਮੰਨਦੇ ਹਾਂ ਕਿ ਪੁਰਾਤਨ ਰਾਸ਼ਟਰਾਂ ਵਿਚਕਾਰ ਲੜਾਈਆਂ ਫੌਜਾਂ ਦੇ ਆਕਾਰ ਦਾ ਵਰਣਨ ਵਧਾਅ ਚੜ੍ਹਾ ਕੇ ਕੀਤਾ ਗਿਆ ਹੈ। ਹਰ ਸਭਿਅਤਾ ਮੁਸ਼ਕਲਾਂ ਦੇ ਬਾਵਜੂਦ ਵੱਧ ਤੋਂ ਵੱਧ ਫੌਜੀ ਕਾਰਵਾਈ ਲਈ ਪ੍ਰੇਰਿਤ ਹੁੰਦੀ ਹੈ ਅਤੇ ਖਤਮ ਹੋ ਜਾਂਦੀ ਹੈ। ਇਹ ਜੰਗ ਜੀਵਨ ਅਤੇ ਧਨ ਦੇ ਰੂਪ ਵਿਚ ਬਹੁਤ ਮਹਿੰਗੀ ਰਹੀ ਹੈ ਅਤੇ ਇਨ੍ਹਾਂ ਲੜਾਈਆਂ ਨੇ ਥਾਂ ਵੀ ਵਧੇਰੇ ਘੇਰੀ ਹੈ।

ਸਭਿਅਕ ਜੰਗ ਵਿਚ ਪਸ਼ੂ ਕਲਾ ਅਤੇ ਪੁਰਾਤਨ ਯੁੱਧ ਕਲਾ ਦੋਹਾਂ ਦੇ ਲੱਛਣ ਪਾਏ ਜਾਂਦੇ ਹਨ। ਪੁਰਾਤਨ ਯੁੱਧ ਕਲਾ ਵਰਗੀ ਗਤੀਸ਼ੀਲਤਾ ਵੀ ਇਸ ਵਿਚ ਪਾਈ ਜਾਂਦੀ ਹੈ। ਪੁਰਾਤਨ ਯੁੱਧ ਕਲਾ ਵਾਂਗ ਇਸ ਦਾ ਪ੍ਰਭਾਵ ਸਮਾਜ ਉਪਰ ਪੈਂਦਾ ਹੈ। ਪਸ਼ੂ ਯੁੱਧ ਕਲਾ ਵਿਚ ਮਹੱਤਵਪੂਰਣ ਪਰਿਵਰਤਨ ਲਈ ਕਈ ਹਜ਼ ਾਰ ਸਾਲ ਲਗੇ ਹਨ ਜਦ ਕਿ ਸਭਿਅਕ ਯੁੱਧ ਕਲਾ ਵਿਚ ਕੁਝ ਸੌ ਸਾਲਾਂ ਵਿਚ ਤਬਦੀਲੀਆਂ ਆ ਗਈਆਂ, ਜਿਹੜੀਆਂ ਸਭਿਅਤਾ ਦੇ ਵੱਖ ਵੱਖ ਪੜਾਵਾਂ ਤੇ ਹੋਈਆਂ। ਇਸ ਦਾ ਯੁੱਧ ਕਲਾ ਤੇ ਵੀ ਕਾਫੀ ਪ੍ਰਭਾਵ ਪਿਆ ਹੈ। ਇਸ ਤਰ੍ਹਾਂ ਸਭਿਅਕ ਯੁੱਧ ਕਲਾ ਦਾ ਵੱਖ ਵੱਖ ਪੱਧਰ ਤੇ ਹੋਏ ਪਰਿਵਰਤਨਾਂ ਨਾਲ ਕਾਫੀ ਸੰਬੰਧ ਹੈ। ਇਨ੍ਹਾਂ ਲੜਾਈਆਂ ਦਾ ਮੁੱਖ ਉਦੇਸ਼ ਸਭਿਅਤਾ ਦੇ ਜੀਵਨ ਕਾਲ ਵਿਚ ਪਰੰਪਰਾਵਾਂ ਨੂੰ ਕਾਇਮ ਰੱਖਣਾ ਹੀ ਰਿਹਾ ਹੈ। ਵੱਖ ਵੱਖ ਸਭਿਅਤਾਵਾਂ ਵਿਚ ਯੁੱਧ ਕਲਾ ਸੰਬੰਧੀ ਲੱਛਣਾਂ ਵਿਚ ਕੁਝ ਅੰਤਰ ਰਿਹਾ ਹੈ ਪਰ ਇਸ ਯੁੱਧ ਕਲਾ ਨੇ ਸਭਿਅਤਾਵਾਂ ਤੇ ਗਤੀਸ਼ੀਲ ਪ੍ਰਭਾਵ ਪਾਇਆ ਹੈ। ਇਸ ਦੁਆਰਾ ਕਈ ਵਾਰ ਕਿਸੇ ਸੰਸਕ੍ਰਿਤੀ ਦੇ ਮੁੱਲ ਅਤੇ ਦੂਜੀ ਸੰਸਕ੍ਰਿਤੀ ਨੂੰ ਫੈਲਾਉਣ ਵਿਚ ਮਦਦ ਦਿੱਤੀ ਹੈ।

ਜ਼ਿਆਦਾ ਜੰਗ ਪਸੰਦ ਸਭਿਆਤਾਵਾਂ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਦੂਰ ਦੂਰ ਤਕ ਫੈਲਾਉਣ ਵਿਚ ਸਫਲ ਰਹੀਆਂ ਹਨ। ਸਿਕੰਦਰ ਦੀ ਜਿੱਤ ਅਤੇ ਇਸਲਾਮ ਰਾਜਾਂ ਦਾ ਫੈਲਾਅ ਹੋਣ ਕਰਕੇ ਸੋਲ੍ਹਵੀਂ ਸਦੀ ਵਿਚ ਯੂਨਾਨੀ, ਰੋਮ, ਅਰਬੀ ਅਤੇ ਪੱਛਮੀ ਸਭਿਅਤਾਵਾਂ ਪ੍ਰਭਾਵ ਕਾਰਨ ਪੁਰਾਤਨ ਯੁੱਧ ਕਲਾ ਤੋਂ ਵੱਖ ਹੈ। ਹਾਲਾਂਕਿ ਸਭਿਅਕ ਯੁੱਧ ਕਲਾ ਦੁਆਰਾ ਪੁਰਾਤਨ ਯੁੱਧ ਕਲਾ ਵਾਂਗ ਰਾਜਨੀਤਿਕ ਅਤੇ ਸੰਸਕ੍ਰਿਤਕ ਏਕਤਾ ਨੂੰ ਕਾਇਮ ਰੱਖਣ, ਗੁਟਾਂ ਨੂੰ ਅੰਤਰਿਕ ਵਿਦਰੋਹ ਜਾਂ ਬਾਹਰੀ ਹਮਲੇ ਤੋਂ ਸੁਰੱਖਿਆ ਪ੍ਰਦਾਨ ਕਰਕੇ ਸੰਗਠਿਤ ਕੀਤਾ ਗਿਆ, ਜੇਕਰ ਕੁਝ ਸੌ ਸਾਲਾਂ ਦੇ ਇਤਿਹਾਸ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਜੰਗ ਨੇ ਇਨ੍ਹਾਂ ਕੌਮਾਂ ਲਈ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ।

ਸਭਿਅਕ ਲੋਕਾਂ ਵਿਚ ਵੀ ਲੜਾਈ ਲਈ ਪ੍ਰੇਰਿਤ ਤੱਤ ਪਸ਼ੂਆਂ ਅਤੇ ਆਦਿਮ ਲੋਕਾਂ ਨਾਲ ਮਿਲਦੇ ਜੁਲਦੇ ਹਨ। ਪਰ ਕਈ ਵਾਰ ਮਹੱਤਵ ਬਦਲ ਜਾਂਦਾ ਹੈ। ਸਭਿਅਕ ਲੋਕਾਂ ਵਿਚ ਭੋਜਨ ਅਤੇ ਸੈਕਸ ਚੇਤੰਨ ਰੂਪ ਵਿਚ ਘੱਟ ਮਹੱਤਵ ਰਖਦਾ ਹੈ ਭਾਵੇਂ ਅਚੇਤੰਨ ਰੂਪ ਵਿਚ ਇਹ ਪ੍ਰਭਾਵ ਪਾ ਰਹੇ ਹੋਣ। ਅਗਵਾਈ ਅਤੇ ਆਜ਼ਾਦੀ ਦੀ ਭਾਵਨਾ ਪਸ਼ੂ ਕਲਾ ਵਿਚ ਕੋਈ ਮਹੱਤਵ ਨਹੀਂ ਸੀ ਰਖਦੀ ਪਰੰਤੂ ਇਤਿਹਾਸਕ ਯੁੱਧ

ਵਿਚ ਇਹ ਤੱਤ ਮਹੱਤਵਪੂਰਨ ਰਹੇ ਹਨ। ਭੂਮੀ–ਖੇਤਰ, ਹਿੰਮਤ, ਸੁਰੱਖਿਆ ਅਤੇ ਸਮਾਜਿਕ ਤੱਤ ਸਭ ਲਈ ਇਕੋ ਜਿਹੇ ਪ੍ਰੇਰਕ ਤੱਤ ਰਹੇ ਹਨ। ਸਭਿਅਕ ਲੋਕਾਂ ਵਿਚ ਸਮਾਜਿਕ ਏਕਤਾ ਅਤੇ ਆਜ਼ਾਦੀ ਦੀ ਭਾਵਨਾ, ਸਮਾਜਿਕ ਚਿੰਨ੍ਹਾਂ, ਧਰਮ, ਸੰਸਕ੍ਰਿਤੀ ਅਤੇ ਨਿਆਂ ਦੇ ਰੂਪ ਵਿਚ ਪ੍ਰਬਲ ਰਹੀਆਂ ਹਨ। ਆਮ ਤੌਰ ਤੇ ਭੂਮੀ ਖੇਤਰ ਅਤੇ ਸੁਰੱਖਿਆ ਜੰਗ ਲਈ ਕਾਨੂੰਨੀ ਅਹਿਸਾਸ ਦਾ ਕੰਮ ਕਰਦੇ ਹਨ।

ਪ੍ਰਾਚੀਨ ਮਨੁੱਖ ਦਾ ਜਿਉਂ ਜਿਉਂ ਵਿਕਾਸ ਹੁੰਦਾ ਹੈ ਉਸੇ ਤਰ੍ਹਾਂ ਉਨ੍ਹਾਂ ਦੇ ਲੜਾਕੂ ਗੁੱਟਾਂ ਦੇ ਆਕਾਰ ਵਿਚ ਵੀ ਵਾਧਾ ਹੁੰਦਾ ਹੈ। ਇਸੇ ਤਰ੍ਹਾਂ ਅਨੁਸ਼ਾਸਨ ਅਤੇ ਨੈਤਿਕ ਬਲ ਦਾ ਵਿਕਾਸ ਹੁੰਦਾ ਹੈ। ਅਜਿਹੀਆਂ ਜੰਗਾਂ ਨਾਲ ਜ਼ਿਆਦਾ ਲੋਕ ਪ੍ਰਭਾਵਿਤ ਹੁੰਦੇ ਹਨ ਅਤੇ ਵਿਨਾਸ਼ ਅਤੇ ਮੌਤਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਪਰ ਸਭਿਅਕ ਮਨੁੱਖ ਦੀ ਜੰਗ ਪ੍ਰਾਚੀਨ ਮਨੁੱਖ ਦੀ ਜੰਗ ਨਾਲੋਂ ਵੱਖਰੀ ਹੈ। ਇਥੇ ਇਕ ਵੱਖਰਾ ਜੰਗੀ ਵਰਗ ਹੁੰਦਾ ਹੈ, ਜਿਹੜਾ ਕਿ ਆਧੁਨਿਕ ਹਥਿਆਰਾਂ ਨਾਲ ਲੈਸ ਹੁੰਦਾ ਹੈ। ਇਸ ਵਿਚ ਅਨੁਸ਼ਾਸਨ ਤੇ ਖਾਸ ਜ਼ੋਰ ਦਿੱਤਾ ਜਾਂਦਾ ਹੈ। ਅਜਿਹੀ ਫੌਜ ਵਿਚ ਮੋਰਚੇ ਬੰਦੀ ਅਤੇ ਘੇਰਾ ਪਾਉਣ ਦੀਆਂ ਤਕਨੀਕਾਂ ਜ਼ਿ ਆਦਾ ਮਹੱਤਵਪੂਰਣ ਹੋ ਜਾਂਦੀਆਂ ਹਨ। ਸਭਿਅਕ ਲੋਕ ਇਟਾਂ ਅਤੇ ਪੱਥਰਾਂ ਆਦਿ ਨਾਲ ਕਿਲ੍ਹੇਬੰਦੀ ਕਰਦੇ ਸਨ। ਫੌਜਾਂ ਆਪਣੀ ਸੁਰੱਖਿਆ ਲਈ ਢਾਲ ਬੰਖਤਰਬੰਦ ਅਤੇ ਲੋਹੇ ਦਾ ਟੋਪ ਵਰਤਦੇ ਸਨ। ਸਭਿਅਕ ਜੰਗ ਵਿਚ ਅਜਿਹੇ ਸਾਧਨ ਵਰਤੇ ਜਾਂਦੇ ਸਨ ਜਿਹੜੇ ਗਤੀਸ਼ੀਲਤਾ, ਸਰੱਖਿਆ, ਮਾਰੂ ਸ਼ਕਤੀ ਤੇ ਹਮਲਾ ਸ਼ਕਤੀ ਨੂੰ ਪ੍ਰਭਾਵਿਤ ਕਰਦੇ ਸਨ। ਸਭਿਅਕ ਜੰਗ ਦੇ ਤਕਨੀਕੀ ਪਹਿਲੂ ਦਾ ਇਤਿਹਾਸ ਇਹ ਦੱਸਦਾ ਹੈ ਕਿ ਫੌਜੀ ਵਿਧੀਆਂ ਵਿਚ ਲਗਾਤਾਰ ਹਮਲਾਵਰ ਅਤੇ ਸੁਰੱਖਿਆਤਮਕ ਪ੍ਰਬੰਧ ਦੋਹਾਂ ਵਿਚ ਸੁਧਾਰ ਹੋਇਆ ਹੈ।

### 1.1.10 ਆਧੁਨਿਕ ਯੁੱਧ ਕਲਾ (Modern Warfare)

17ਵੀਂ ਸਦੀ ਤੋਂ ਬਾਅਦ ਦਾ ਸਮਾਂ ਆਧੁਨਿਕ ਯੁੱਧ ਕਲਾ ਦਾ ਰਿਹਾ ਹੈ। ਇਸ ਯੁੱਧ ਕਲਾ ਦੇ ਸਮੇਂ ਫਰਾਂਸੀਸੀ ਕ੍ਰਾਂਤੀ ਤੇ ਅਮਰੀਕਾ ਦੀ ਘਰੇਲੂ ਜੰਗ ਹੋਈ ਹੈ। ਆਧੁਨਿਕ ਕਲਾ ਇਕ ਅਜਿਹੀ ਜੰਗ, ਜੋ ਕਿ ਵਰਤਮਾਨ ਸਮੇਂ ਵਿਚ, ਮੌਜੂਦਾ ਹਥਿਆਰਾਂ ਨਾਲ ਲੜੀ ਜਾਵੇ ਪਰ ਇਸ ਵਿਚ ਪਰਮਾਣੂ ਹਥਿਆਰਾਂ ਦਾ ਪ੍ਰਯੋਗ ਨਹੀਂ ਹੁੰਦਾ। ਜੇ ਅਜਿਹਾ ਹੁੰਦਾ ਹੈ ਤਾਂ ਇਹ ਆਧੁਨਿਕ ਯੁੱਧ ਕਲਾ ਤੋਂ ਪਰਮਾਣੂ ਜੰਗ ਵਿਚ ਤਬਦੀਲ ਹੋ ਜਾਂਦੀ ਹੈ। ਇਹ ਜੰਗਾਂ ਬਾਰੂਦ ਦੀ ਕਾਢ ਤੋਂ ਬਾਅਦ ਸ਼ੁਰੂ ਹੋਈਆਂ। ਇਸ ਤੋਂ ਬਾਅਦ ਹਥਿਆਰਾਂ ਦੀ ਨਵੀਂ ਬਣਤਰ, ਫੌਜੀ ਸੰਗਠਨਾਂ ਦੀ ਨਵੀਂ ਸੰਰਚਨਾ ਅਤੇ ਲੜਾਈ ਦੇ ਨਵੇਂ ਤਰੀਕਿਆਂ ਦੇ ਇਸਤੇਮਾਲ ਨਾਲ ਅਤੇ ਸਾਇੰਸ ਅਤੇ ਟੈਕਨਾਲੋਜੀ ਦੀਆਂ ਨਵੀਆਂ ਖੋਜਾਂ ਨਾਲ ਆਧੁਨਿਕ ਜੰਗਾਂ ਦਾ ਸਵਰੂਪ ਹੀ ਬਦਲ ਗਿਆ। ਉਦਯੋਗਿਕ ਕ੍ਰਾਂਤੀ ਦੇ ਆ ਜਾਣ ਨਾਲ ਅਤੇ ਆਵਾਜਾਈ ਦੇ ਸਾਧਨਾਂ ਵਿਚ ਬਾਰੂਦ ਦੀ ਵੱਖੋ–ਵੱਖਰੀਆਂ ਕਾਢਾਂ ਨਾਲ ਇਹ ਜੰਗਾਂ ਸੰਪੂਰਣ ਬਣ ਗਈਆਂ ਤੇ ਨਾਲ ਹੀ ਵੱਧ ਖਰਚੀਲੀਆਂ ਅਤੇ ਤਬਾਹੀ ਵਾਲੀਆਂ ਬਣ ਗਈਆਂ। ਇਸ ਦਾ ਵਿਸਤਾਰ ਵਿਚ ਵਰਨਣ ਅਗਲੇ ਪਾਠ ਵਿਚ ਮਿਲੇ ਗਾ। ਪਰੰਤੂ ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਸ ਤਰ੍ਹਾਂ ਮਨੁੱਖ ਅਤੇ ਜੰਗ ਸਮੇਂ ਦੇ ਅਨੁਸਾਰ ਪਰਿਵਰਤਿਤ ਹੁੰਦੇ ਗਏ ਅਤੇ ਹੋਰ ਭਿਆਨਕ ਬਣਦੇ ਗਏ।

### 1.1.11 ਸਿੱਟਾ

ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਜੰਗ ਦੀ ਉਤਪੱਤੀ ਮਨੁੱਖ ਦੀ ਹੋਂਦ ਦੇ ਨਾਲ ਹੀ ਹੋਈ ਅਤੇ ਵੱਖ–ਵੱਖ ਪੜ੍ਹਾਵਾਂ ਚੋਂ ਲੰਘਦੇ ਹੋਏ ਇਸਦੇ ਸਰੂਪ ਵਿਚ ਤਬਦੀਲੀ ਆਈ। ਮਨੁੱਖਤਾ ਦੇ ਵਿਕਾਸ ਹੋਣ ਨਾਲ ਜੰਗ ਦਾ ਤਾਂ ਵਿਕਾਸ ਹੋਇਆ, ਪਰੰਤੂ ਇਹ ਹੋਰ ਜਿਆਦਾ ਵਿਨਾਸ਼ਕਾਰੀ ਹੋ ਗਈ ਕਿਉਂਕਿ ਲੜਾਈ ਦੇ ਢੰਗ ਤਰੀਕੇ ਦਾ ਪੇਚ, ਫੌਜਾਂ ਦੀ ਬਣਤਰ, ਆਕਾਰ ਅਤੇ ਹਥਿਆਰ ਵਿੱਚ ਤਬਦੀਲੀ ਆਈ।

### 1.1.12 ਵੱਡੇ ਪ੍ਰਸ਼ਨ

1. ਜੰਗ ਕੀ ਹੈ? ਇਸਦੇ ਵੱਖ-ਵੱਖ ਪੜਾਵਾਂ ਦਾ ਵਰਣਨ ਕਰੋ।
2. ਜੰਗ ਨੂੰ ਪਰਿਭਾਸ਼ਿਤ ਕਰਦੇ ਹੋਏ ਇਸਦੀ ਉਤਪੱਤੀ ਨੂੰ ਵਿਸਥਾਰ ਵਿੱਚ ਲਿਖੋ।

### 1.1.13 ਮੁੱਖ ਸ਼ਬਦ

**ਜੰਗ ਦੀ ਪਰਿਭਾਸ਼ਾ** : ਯੁੱਧ ਇੱਕ ਅਜਿਹੀ ਹਿੰਸਾਤਮਕ ਕ੍ਰਿਆ ਹੈ ਜਿਸਦਾ ਪ੍ਰਯੋਗ ਦੁਸ਼ਮਣ ਨੂੰ ਆਪਣੀ ਇੱਛਾ ਮਨਵਾਉਣ ਲਈ ਕੀਤਾ ਜਾਂਦਾ ਹੈ। ਯੁੱਧ ਸਿਰਫ ਦੂਜੇ ਤਰੀਕਿਆਂ ਦੁਆਰਾ ਨੀਤੀ ਨੂੰ ਜਾਰੀ ਰੱਖਣਾ ਹੈ।

**ਜੰਗ ਦੀ ਪੜਾਅ** : ਪ੍ਰਾਚੀਨ ਜੰਗ, ਪਸ਼ੂਆਂ ਦੀ ਯੁੱਧ ਕਲਾ, ਇਤਿਹਾਸਿਕ ਯੁੱਧ ਕਲਾ, ਆਧੁਨਿਕ ਯੁੱਧ ਕਲਾ

### 1.1.14 ਸਹਾਇਕ ਪੁਸਤਕ ਸੂਚੀ

| | | | |
|---|---|---|---|
| 1. | J.F.C. Fuller | : | Conduct of War |
| 2. | K.S. Sidhu | : | War and its Principles |
| 3. | Palmer and Perkins | : | International Relations |

ਪਾਠ ਨੰ: 1.2 **UPDATED: MAY, 2024**
**Converted into SLM By Dr. Harsangeet Pal Kaur**

# ਆਧੁਨਿਕ ਜੰਗ
# (Modern Warfare)

1.2.1 ਉਦੇਸ਼
1.2.2 ਭੂਮਿਕਾ
1.2.3 ਜੰਗ ਦੀ ਵਿਸ਼ੇਸ਼ਤਾਵਾਂ
1.2.4 ਸਵੈ-ਅਭਿਆਸ ਪ੍ਰਸ਼ਨ
1.2.5 ਸਿੱਟਾ
1.2.6 ਵੱਡੇ ਪ੍ਰਸ਼ਨ
1.2.7 ਮੁੱਖ ਸ਼ਬਦ
1.2.8 ਸਹਾਇਕ ਪੁਸਤਕ ਸੂਚੀ

## 1.2.1 ਉਦੇਸ਼

ਇਸ ਪਾਠ ਰਾਹੀਂ ਮੁੱਖ ਉਦੇਸ਼ ਅਜੋਕੇ ਸਮੇਂ ਵਿੱਚ ਹੋਣ ਵਾਲੀਆਂ ਆਧੁਨਿਕ ਜੰਗ ਨੂੰ ਜਾਨਣਾ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਸਮਝਣਾ ਹੈ। ਇਸ ਪਾਠ ਨੂੰ ਪੜ੍ਹਣ ਨਾਲ ਵਿਦਿਆਰਥੀ ਜੰਗਾਂ ਵਿੱਚ ਆਧੁਨਿਕਤਾ ਨੂੰ ਸਮਝ ਸਕਦੇ ਹਨ ਅਤੇ ਵਿਕਾਸ ਹੋਣ ਨਾਲ ਆਈ ਤਬਦੀਲੀ ਨੂੰ ਜਾਣ ਸਕਦੇ ਹਨ। ਇਸ ਪਾਠ ਰਾਹੀਂ ਆਧੁਨਿਕ ਜੰਗ ਦੀਆਂ ਖਾਸ ਵਿਸ਼ੇਸ਼ਤਾਵਾਂ ਨੂੰ ਜਾਣੂ ਕਰਵਾਉਣਾ ਮੁੱਖ ਉਦੇਸ਼ ਹੈ।

## 1.2.2 ਭੂਮਿਕਾ :

ਉਹ ਜੰਗ, ਜੋ ਆਧੁਨਿਕ ਸਾਧਨਾਂ ਨਾਲ ਲੜੀ ਜਾਂਦੀ ਹੈ, ਉਸ ਨੂੰ ਆਧੁਨਿਕ ਜੰਗ (Modern War) ਕਹਿੰਦੇ ਹਨ। ਹਰ ਜੰਗ ਅਜੋਕੀ ਜੰਗ ਹੁੰਦੀ ਹੈ ਕਿਉਂਕਿ ਉਹ ਜਿਸ ਵੇਲੇ ਲੜੀ ਗਈ ਹੁੰਦੀ ਹੈ, ਉਸ ਸਮੇਂ ਦੇ ਵਧੀਆ ਤੋਂ ਵਧੀਆ ਹਥਿਆਰਾਂ ਨਾਲ ਲੜੀ ਗਈ ਹੁੰਦੀ ਹੈ। ਆਧੁਨਿਕ ਜੰਗਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਹੜੀਆਂ ਬਾਰੂਦ ਦੀ ਕਾਢ ਤੋਂ ਬਾਅਦ ਸ਼ੁਰੂ ਹੁੰਦੀਆਂ ਹਨ। 'ਆਧੁਨਿਕ ਜੰਗ' ਦਾ ਭਾਵ ਸਮਝਣ ਲਈ ਸਾਨੂੰ ਹਥਿਆਰਾਂ, ਫੌਜੀ ਸੰਗਠਨ ਤੇ ਲੜਨ ਦੇ ਤਰੀਕਿਆਂ ਦਾ ਅਧਿਐਨ ਕਰਨਾ ਪਵੇ ਗਾ ਕਿਉਂਕਿ ਸਾਇੰਸ ਤੇ ਟੈਕਨਾਲੋਜੀ ਦੀਆਂ ਨਵੀਆਂ ਖੋਜਾਂ ਕਾਰਣ ਇਹ ਸਭ ਬਦਲ ਚੁੱਕੇ ਹਨ।

ਆਧੁਨਿਕ ਜੰਗਾਂ ਸੰਪੂਰਨ ਅਤੇ ਜ਼ਿਆਦਾ ਤਬਾਹੀ ਵਾਲੀਆਂ ਹੋਣ ਕਰਕੇ ਮੱਧ ਕਾਲੀਨ ਯੂਰਪ ਅਤੇ ਪ੍ਰਾਚੀਨ ਭਾਰਤ ਦੀਆਂ ਜੰਗਾਂ ਨਾਲੋਂ ਬਹੁਤ ਵੱਖਰੀ ਕਿਸਮ ਦੀਆਂ ਹਨ। ਪ੍ਰਾਚੀਨ ਅਤੇ ਮੱਧ ਕਾਲੀਨ ਦੀ ਲੜਾਈਆਂ ਵਿਚ ਲੜਨ ਵਾਲਿਆਂ ਵਿਚ ਫਰਕ ਹੁੰਦਾ ਸੀ। ਜਿਵੇਂ ਕਿ ਨਾ ਲੜ ਸਕਣ ਵਾਲੇ ਇਸਤਰੀਆਂ, ਕਿਸਾਨਾਂ ਅਤੇ ਸੰਗੀਤਕਾਰਾਂ ਨੂੰ ਮਾਰਿਆ ਨਹੀਂ ਜਾਂਦਾ ਸੀ ਅਤੇ ਨਾ ਹੀ ਇਹਨਾਂ ਤੇ ਹਮਲਾ ਕੀਤਾ ਜਾਂਦਾ ਸੀ। ਪ੍ਰਾਚੀਨ ਲੜਾਈਆਂ ਦਾ ਨਿਸ਼ਾਨਾ ਸਿਰਫ ਦੁਸ਼ਮਣ ਦੀ ਲੜਨ ਦੀ ਸ਼ਕਤੀ ਨੂੰ ਖਤਮ ਕਰਨਾ ਹੁੰਦਾ ਸੀ। ਪਰ ਰਾਸ਼ਟਰ

ਰਾਜਾਂ ਅਤੇ ਰਾਸ਼ਟਰਵਾਦ ਦੇ ਪੈਦਾ ਹੋਣ ਕਰਕੇ ਲੜਾਈ ਦੇ ਸਭ ਤੌਰ ਤਰੀਕੇ ਬਦਲ ਗਏ। ਲੜਾਈ ਕੇਵਲ ਰਾਜ ਘਰਾਣਿਆਂ ਦਾ ਕੰਮ ਨਾ ਰਹਿ ਕੇ ਇਕ ਰਾਜ ਅਤੇ ਉਸ ਦੇ ਲੋਕਾਂ ਦੀ ਲੜਾਈ, ਦੂਜੇ ਰਾਜ ਅਤੇ ਉਸ ਦੇ ਲੋਕਾਂ ਵਿਚ ਬਦਲ ਗਈ ਹੈ।

ਜਿਥੋਂ ਤੱਕ ਫੌਜੀ ਅਸਤਰ ਸ਼ਸਤਰ, ਲੜਨ ਦੀ ਕਲਾ ਤੇ ਸੰਗਠਨ ਦਾ ਸੰਬੰਧ ਹੈ, ਸਤਾਰ੍ਹਵੀਂ ਸਦੀ ਨੂੰ ਮੱਧ ਕਾਲ ਤੇ ਅਜੋਕੇ ਕਾਲ ਨੂੰ ਪਰਿਵਰਤਨ ਦਾ ਸਮਾਂ ਮੰਨਿਆ ਜਾ ਸਕਦਾ ਹੈ। ਇਸ ਯੁੱਧ ਵਿਚ ਬਰਛੇ (ਬਰਛੇ ਦੀ ਲੰਬਾਈ 5 ਫੁੱਟ ਤੋਂ 8 ਫੁੱਟ ਤਕ ਹੁੰਦੀ ਸੀ) ਦੀ ਜਗ੍ਹਾਂ ਬੰਦੂਕ ਨੇ ਲੈ ਲਈ, ਪਿਆਦਾ ਫੌਜ ਨੇ ਰੇਖਾ–ਬੱਧ ਤਰਤੀਬ (Liner formation) ਅਖਤਿਆਰ ਕਰ ਲਈ ਤੇ ਗਤੀਸ਼ੀਲ ਤੋਪਖਾਨਾ ਘੋੜਸਵਾਰਾਂ ਦੀ ਮਦਦ ਲਈ ਵਰਤਿਆ ਜਾਣ ਲਗ ਪਿਆ। ਫੌਜਾਂ ਨੂੰ ਵੱਖ ਵੱਖ ਪਲਟਨਾਂ ਵਿਚ ਸੰਗਠਿਤ ਕੀਤਾ ਗਿਆ ਅਤੇ ਇਨ੍ਹਾਂ ਨੂੰ ਸਿਆਣੇ ਅਫਸਰਾਂ ਦੇ ਅਧੀਨ ਰੱਖਿਆ ਗਿਆ। ਫੌਜਾਂ ਨੂੰ ਗਰੁੱਪਾਂ ਵਿਚ ਸੰਗਠਿਤ ਕਰਨ ਦਾ ਤਰੀਕਾ ਲਗਭਗ 499 ਈ. ਪੂ. ਪੁਰਾਣਾ ਹੈ। ਇਸ ਦੀ ਵਰਤੋਂ ਸਭ ਤੋਂ ਪਹਿਲਾਂ ਯੂਨਾਨੀਆਂ ਨੇ ਫਿਲਿਪ ਦੂਜੇ ਅਤੇ ਸਿਕੰਦਰ ਮਹਾਨ ਦੇ ਅਧੀਨ ਕੀਤੀ ਪਰ ਵਿਗਿਆਨਕ ਅਤੇ ਸੁਚੱਜੇ ਢੰਗ ਨਾਲ ਇਸ ਦੀ ਵਰਤੋਂ ਸਤਾਰ੍ਹਵੀਂ ਸਦੀ ਵਿਚ ਸ਼ੁਰੂ ਹੋਈ।

ਬਾਅਦ ਦੀਆਂ ਸ਼ਤਾਬਦੀਆਂ ਵਿਚ, ਉਦਯੋਗਿਕ ਕ੍ਰਾਂਤੀ ਤੋਂ ਪਿਛੋਂ ਸਾਇੰਸ ਤੇ ਤਕਨਾਲੋਜੀ ਦੇ ਜੰਗ ਦਾ ਢਾਂਚਾ ਹੀ ਬਦਲ ਦਿੱਤਾ। ਛਾਪੇਖਾਨੇ, ਟੈਲੀਫੋਨ ਤੇ ਤਾਰ ਦੀ ਖੋਜ ਨੇ ਸੰਚਾਰ ਨੂੰ ਸੌਖਾ ਅਤੇ ਗਤੀਸ਼ੀਲ ਕਰ ਦਿੱਤਾ ਅਤੇ ਰੇਲ ਗੱਡੀ, ਮੋਟਰ ਤੇ ਹਵਾਈ ਜਹਾਜ਼ ਨੇ ਆਵਾਜਾਈ ਨੂੰ ਯਕੀਨੀ ਤੇਜ਼ ਕਰ ਦਿੱਤਾ। ਬਖਤਰ ਬੰਦ ਗੱਡੀਆਂ (Armour tanks, armoured cars, armoured personal carrier etc.) ਨੇ ਘੋੜ ਸਵਾਰਾਂ ਦੀ ਮਹੱਤਤਾ ਘਟਾ ਦਿੱਤੀ ਤੇ ਸਮੁੰਦਰੀ ਲੜਾਈਆਂ ਵਿਚ ਲਕੜੀ ਦੀ ਜਗ੍ਹਾਂ ਲੋਹੇ ਦੇ ਬਣੇ ਜਹਾਜ਼ਾਂ ਨੇ ਲੈ ਲਈ। ਧੂੰਏ ਰਹਿਤ ਬਾਰੂਦ ਤੇ ਰਾਈਫਲ ਨੇ ਨਵੇਂ ਹਥਿਆਰਾਂ ਨੂੰ ਉੱਚੀ ਜਗ੍ਹਾ ਤੇ ਲੈ ਆਂਦਾ ਤੇ ਨਾਲ ਹੀ ਨਿਸ਼ਾਨਾ ਮਾਰੂ ਹੱਦ ਆਦਿ ਨੂੰ ਵਧਾਣ ਦੇ ਯਤਨ ਸ਼ੁਰੂ ਹੋ ਗਏ। ਇਸ ਤਰ੍ਹਾਂ ਉਨ੍ਹੀਵੀਂ ਸਦੀ ਦੀਆਂ ਲੜਾਈਆਂ ਵਿਚ ਮਸ਼ੀਨ ਗੰਨਾਂ (Machine guns), ਤੇਜ਼ੀ ਨਾਲ ਮਾਰ ਕਰਨ ਵਾਲੀਆਂ ਬੰਦੂਕਾਂ ਤੇ ਵਿਸਫੋਟਕ ਪਦਾਰਥਾਂ ਦਾ ਭਾਰੀ ਹੱਥ ਸੀ। ਫੌਜਾਂ ਨੂੰ ਰੇਲਾਂ ਤੇ ਮੋਟਰਾਂ ਰਾਹੀਂ ਜਲਦੀ ਹੀ ਲਾਮਬੰਦ (Mobilised) ਕੀਤਾ ਜਾ ਸਕਦਾ ਸੀ। ਵਧੀ ਹੋਈ ਮਾਰੂ ਸ਼ਕਤੀ ਨੇ ਜੰਗ ਦੀ ਕੀਮਤ ਵਿਚ ਵਾਧਾ ਕੀਤਾ ਜਿਸ ਨਾਲ ਆਰਥਿਕ ਪੱਖਾਂ ਨੂੰ ਵੀ ਧਿਆਨ ਵਿਚ ਰੱਖਣਾ ਸ਼ੁਰੂ ਹੋਇਆ। ਸਪਲਾਈ ਦਾ ਢਾਂਚਾ ਗੁੰਝਲਦਾਰ ਹੋ ਗਿਆ ਜਿਸ ਨਾਲ ਸਪਲਾਈ ਵਿਗਿਆਨ (Science of Logistics) ਦੀ ਤਰੱਕੀ ਸ਼ੁਰੂ ਹੋਈ। ਹੁਣ ਵੱਡੀਆਂ ਫੌਜਾਂ ਖਜ਼ਾਨੇ ਤੇ ਭਾਰ ਬਣ ਗਈਆਂ।

ਫਰਾਂਸੀਸੀ ਕ੍ਰਾਂਤੀ ਨੇ ਲੜਾਈ ਸ਼ੈਲੀ ਵਿਚ ਇਨਕਲਾਬ ਲੈ ਆਂਦਾ ਅਤੇ ਇਸ ਨੇ ਹਥਿਆਰਬੰਦ ਕੌਮ (Nation in Arms) ਦੇ ਸੰਕਲਪ ਨੂੰ ਜਨਮ ਦਿੱਤਾ। ਇਸ ਦਾ ਭਾਵ ਇਹ ਹੈ ਕਿ ਲੜਾਈ ਜਿੱਤਣ ਵਾਸਤੇ ਸਾਰੀ ਕੌਮ ਨੂੰ ਕੋਸ਼ਿਸ਼ ਕਰਨੀ ਪੈਂਦੀ ਹੈ ਚਾਹੇ ਫੌਜ ਵਿਚ ਭਰਤੀ ਹੋਕੇ, ਚਾਹੇ ਦੂਜੇ ਤਰੀਕਿਆ ਰਾਹੀਂ, ਜਿਵੇਂ ਸਪਲਾਈ ਤੇ ਹਥਿਆਰਾਂ ਦੀ ਪੈਦਾਵਾਰ ਆਦਿ ਦੁਆਰਾ। ਇਹ ਚੰਗੀ ਤਰ੍ਹਾਂ ਮਹਿਸੂਸ ਕੀਤਾ ਗਿਆ ਕਿ ਲੜਾਈ ਨੂੰ ਠੀਕ ਤਰ੍ਹਾਂ ਲੜਨ ਲਈ ਸਾਰੇ ਦੇਸ਼ ਦੇ ਯਤਨਾਂ ਦੀ ਲੋੜ ਹੈ ਤੇ ਲੜਾਈ ਨੂੰ ਜਿੱਤਣ ਲਈ ਸਾਰੇ ਵਸੀਲਿਆਂ ਨੂੰ ਲਾਮਬੰਦ ਕਰਨ ਦੀ ਜ਼ਰੂਰਤ ਹੈ। ਅਮਰੀਕਨ ਘਰੇਲੂ ਜੰਗ (American Civil War 1861-65) ਨੇ ਉਪਰਲੇ ਕਥਨ ਨੂੰ ਸਾਬਿਤ ਕੀਤਾ ਤੇ ਸਾਰੇ ਦੇਸ਼ ਦੀ ਲੜਾਈ (Nation at War) ਦੇ ਸੰਕਲਪ ਨੂੰ ਸਾਹਮਣੇ ਲਿਆਂਦਾ। ਦੇਸ਼ ਦੀ ਪੈਦਾਵਾਰ ਵਧਾਉਣ ਤੇ ਫੌਜਾਂ ਦੇ ਹਥਿਆਰ ਤੇ ਰਾਸ਼ਨ ਦੀ ਸਪਲਾਈ ਕਰਨ ਦੀ ਯੋਗਤਾ ਨੂੰ ਬਹੁਤ ਮਹੱਤਤਾ ਦਿੱਤੀ ਗਈ। ਹੁਣ ਵਰਦੀਧਾਰੀ ਫੌਜੀਆਂ ਦੀ ਜ਼ਿਆਦਾ ਗਿਣਤੀ ਇੰਨੀ ਮਹੱਤਵਪੂਰਨ ਨਾ ਰਹੀ। ਇਸ ਸੰਕਲਪ ਦੇ ਪੈਦਾ ਹੋਣ ਨਾਲ ਜੰਗ ਦੀ ਪੂਰਣਤਾ ਵਧੀ ਤੇ ਅਸਲੀ ਅਰਥਾਂ ਵਿਚ ਆਧੁਨਿਕ ਜੰਗ ਸ਼ੁਰੂ ਹੋਈ।

ਹਵਾਈ ਜਹਾਜ਼ ਦੀ ਖੋਜ ਨਾਲ ਲੜਾਈ ਦੀ ਪੂਰਣਤਾ ਜਾਂ ਖੇਤਰ ਹੋਰ ਵੀ ਵਧਿਆ ਕਿਉਂਕਿ ਇਸ ਨਾਲ

ਉਨ੍ਹਾਂ ਸ਼ਹਿਰੀ ਨਾਗਰਿਕਾਂ ਉਤੇ ਮੌਤ ਦੀ ਬਰਬਾਦੀ ਲਿਆਂਦੀ ਗਈ ਜੋ ਪੈਦਾਵਾਰ ਤੇ ਸਪਲਾਈ ਰਾਹੀਂ ਲੜਾਈ ਵਿਚ ਮਦਦ ਕਰ ਰਹੇ ਸਨ। ਪ੍ਰਸ਼ਾਸਨ, ਆਵਾਜਾਈ, ਸੰਚਾਰ ਤੇ ਪੈਦਾਵਾਰ ਦੇ ਕੇਂਦਰ ਦੁਸ਼ਮਣ ਦੇ ਹਵਾਈ ਜਹਾਜ਼ਾਂ ਦੇ ਹਮਲਿਆਂ ਦੇ ਨਿਸ਼ਾਨੇ ਬਣ ਗਏ। ਇਸ ਤਰ੍ਹਾਂ ਬੇ-ਹਿਸਾਬ ਬਰਬਾਦੀ ਤੇ ਮੌਤ ਫੌਜੀ ਯੁੱਧ ਨੀਤੀ (Military Strategy) ਦਾ ਹਿੱਸਾ ਬਣ ਗਿਆ ਜਿਸ ਦਾ ਮਹੱਤਵ ਦੁਸ਼ਮਣ ਦੇ ਹੌਸਲੇ ਨੂੰ ਤੋੜਨਾ ਤੇ ਉਸ ਦੀ ਲੜਨ ਦੀ ਇੱਛਾ ਨੂੰ ਖਤਮ ਕਰਨਾ ਸੀ। ਪਣਡੁੱਬੀ ਤੇ ਸਮੁੰਦਰੀ ਬਾਰੂਦੀ ਸੁਰੰਗਾਂ ਨੇ ਸਮੁੰਦਰੀ ਲੜਾਈ ਵਿਚ ਮਹੱਤਵਪੂਰਨ ਕੰਮ ਕੀਤਾ ਤੇ ਉਨ੍ਹਾਂ ਜਹਾਜਾਂ ਨੂੰ ਜੋ ਸਪਲਾਈ ਲਈ ਵਰਤੇ ਜਾਂਦੇ ਹਨ, ਤਬਾਹ ਕੀਤਾ। ਦੁਸ਼ਮਣ ਦੀ ਵਸੋਂ ਨੂੰ ਭੁੱਖਾ ਮਾਰਨ ਲਈ ਪੂਰੀ ਤਰ੍ਹਾਂ ਨਾਕਾਬੰਦੀ ਕੀਤੀ ਜਾਂਦੀ ਸੀ।

ਇਨ੍ਹਾਂ ਹਾਲਤਾਂ ਵਿਚ, ਜੰਗ ਇਕ ਖਾਸ ਵਿਸ਼ਾ ਬਣ ਗਈ ਜੋ ਫੌਜੀ ਹੁਕਮਰਾਨਾਂ ਦੁਆਰਾ ਅਧਿਐਨ ਕੀਤੀ ਜਾਂਦੀ ਸੀ। ਇਸ ਮੰਤਵ ਦੀ ਪ੍ਰਾਪਤੀ ਲਈ ਫੌਜੀ ਅਕਾਦਮੀਆਂ ਖੋਲ੍ਹੀਆਂ ਗਈਆਂ ਜਿਥੇ ਪੇਸ਼ਾਵਰਾਨਾਂ ਫੌਜੀਆਂ ਨੂੰ ਖਾਸ ਸਿਖਲਾਈ ਦਿਤੀ ਜਾਂਦੀ ਸੀ। ਸਿਪਾਹੀਆਂ ਤੇ ਅਫਸਰਾਂ ਨੂੰ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਚੰਗੀ ਤਰ੍ਹਾਂ ਮਾਨਸਿਕ ਤੇ ਸਰੀਰਕ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਕੰਮ ਦੇ ਆਦਰਸ਼ਾਂ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਂਦਾ ਸੀ। ਇਹ ਲੜਾਈ ਸਮੇਂ ਕੌਮੀ ਆਦਰਸ਼ਾਂ ਦੇ ਦੂਤ ਬਣ ਕੇ ਦੂਜੇ ਦੇਸ਼ ਵਿਚ ਜਾਂਦੇ ਸਨ। ਇਸ ਨੂੰ ਸ਼ੁਰੂ ਕਰਨ ਦਾ ਮਹੱਤਵਪੂਰਣ ਕਾਰਣ ਇਹ ਸੀ ਕਿ ਹੁਣ ਲੜਾਈ ਰਾਜਨੀਤੀ ਦਾ ਇਕ ਜ਼ਰੂਰੀ ਹਿੱਸਾ ਬਣ ਚੁੱਕੀ ਸੀ।

ਪ੍ਰਮਾਣੂ (Nuclear), ਜੈਵਿਕ ਹਥਿਆਰ (Biological weapon) ਤੇ ਰਸਾਇਨਿਕ ਹਥਿਆਰਾਂ (Chemical Weapons) ਦੇ ਜੋ ਦੂਜੀ ਵੱਡੀ ਜੰਗ ਦੇ ਦੌਰਾਨ ਅਤੇ ਬਾਦ ਵਿਚ ਈਜ਼ਾਦ ਹੋਏ ਕਾਰਨ ਜੰਗ ਤੇਜ਼, ਮਾਰੂ, ਵਿਨਾਸ਼ਕ ਤੇ ਪੂਰਨ ਹੋ ਗਈ। ਇਨ੍ਹਾਂ ਹਥਿਆਰਾਂ ਦੀ ਮਾਰੂ ਸ਼ਕਤੀ ਨੂੰ ਦੇਖਦੇ ਹੋਏ ਕੁਝ ਲੋਕਾਂ ਇਹ ਵਿਚਾਰ ਪੇਸ਼ ਕੀਤਾ ਕਿ ਲੜਾਈ ਮਸਲੇ ਸੁਲਝਾਣ ਲਈ ਬਹੁਤ ਲਾਹੇਵੰਦ ਨਹੀਂ ਰਹੇ ਗੀ। ਪਰ ਇਹ ਵਿਚਾਰ ਗਲਤ ਸਾਬਿਤ ਹੋਇਆ ਕਿਉਂਕਿ ਅੱਜ ਵੀ ਅੰਤਰਰਾਸ਼ਟਰੀ ਮਸਲਿਆਂ ਨੂੰ ਸੁਲਝਾਣ ਲਈ ਲੜਾਈ ਦਾ ਸਹਾਰਾ ਲਿਆ ਜਾਂਦਾ ਹੈ। ਮਾਰੂ ਸ਼ਕਤੀ ਨੂੰ ਦੇਖਦੇ ਹੋਏ ਸਿਰਫ ਇਕ ਤਬਦੀਲੀ ਇਹ ਹੋਈ ਹੈ ਕਿ ਸਰਬ ਵਿਆਪਕ ਜੰਗ ਦੀ ਜਗ੍ਹਾ ਠੰਡੀ, ਗੁਰੀਲਾ, ਸੀਮਤ ਤੇ ਸਥਾਨਕ ਜੰਗ ਨੇ ਲੈ ਲਈ ਹੈ। ਪੂਰੀ ਬਰਬਾਦੀ ਦੇ ਡਰ ਦੇ ਖਿਆਲ ਨੇ ਹੀ ਪ੍ਰਮਾਣੂ ਜੰਗ ਨੂੰ ਰੋਕਿਆ ਹੋਇਆ ਹੈ। ਇਸ ਕਰਕੇ ਹੀ ਆਮ ਹਥਿਆਰਾਂ ਦੀ ਪੈਦਾਵਾਰ ਤੇ ਸੁਧਾਰ ਜਾਰੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਮੁਲਕਾਂ ਨੇ ਪ੍ਰਮਾਣੂ ਹਥਿਆਰਾਂ ਦੀ ਪੈਦਾਵਾਰ ਬੰਦ ਕਰ ਦਿੱਤੀ। ਸਗੋਂ ਪ੍ਰਮਾਣੂ ਤੇ ਆਮ ਹਥਿਆਰਾ ਵਾਸਤੇ ਮੁਲਕਾਂ ਵਿਚ ਦੌੜ ਲਗੀ ਹੋਈ ਹੈ। ਬੇਇਤਬਾਰੀ ਅਤੇ ਸ਼ੰਕਾ ਕਰਕੇ ਇਸ ਘਾਤਕ ਦੌੜ ਨੂੰ ਖਤਮ ਕਰਨ ਦਾ ਕੋਈ ਸਫਲ ਹੱਲ ਨਹੀਂ ਲੱਭਿਆ ਜਾ ਸਕਿਆ। ਪਰ ਹੁਣ ਇਹ ਸਾਬਤ ਹੋ ਚੁੱਕਿਆ ਹੈ ਕਿ ਪ੍ਰਮਾਣੂ ਹਥਿਆਰਾਂ ਦੀ ਰਾਜਨੀਤਿਕ ਤੇ ਮਨੋਵਿਗਿਆਨਕ ਮਹੱਤਤਾ ਜ਼ਿਆਦਾ ਹੈ। ਇਹ ਗੱਲ ਫੌਜੀ ਜਰਮਨ ਦਾਰਸ਼ਨਕ ਕਲਾਜ਼ਵਿਟਜ਼ (Clausewitz) ਦੇ ਕਥਨ ਨੂੰ ਸਹੀ ਸਾਬਤ ਕਰਦੀ ਹੈ ਕਿ "ਲੜਾਈ ਰਾਜਨੀਤੀ ਨੂੰ ਨੇਪਰੇ ਚਾੜ੍ਹਨ ਲਈ ਇਕ ਹੋਰ ਰਸਤਾ ਹੈ।" ("War is a continuation of policy by other means") । ਤਬਾਹੀ ਤੋਂ ਡਰਦੇ ਹੋਏ ਮੁਲਕ ਦੂਜੇ ਢੰਗ ਰਾਹੀਂ ਆਪਣੇ ਟੀਚੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹ ਢੰਗ ਮਨੋਵਿਗਿਆਨਕ, ਆਰਥਿਕ ਤੇ ਰਾਜਨੀਤਿਕ ਹਨ। ਇਸ ਨੀਤੀ ਨੇ ਅਜੋਕੀ ਜੰਗ ਨੂੰ ਸੀਮਿਤ ਤੇ ਸਥਾਨਕ ਬਣਾ ਦਿੱਤਾ ਹੈ।

### 1.2.3 ਜੰਗ ਦੀ ਵਿਸ਼ੇਸ਼ਤਾਵਾਂ

ਅਜੋਕੀ ਜੰਗ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ ਜੋ ਇਕ ਇਕ ਕਰਕੇ ਵਿਚਾਰੀਆਂ ਜਾਣਗੀਆਂ :

**1. ਆਧੁਨਿਕ ਜੰਗਾਂ ਵਿਸ਼ਵਿਆਪੀ ਹਨ (Modern wars are world-wide)**

ਸੰਚਾਰ ਤੇ ਆਵਾਜਾਈ ਦੇ ਖੇਤਰ ਵਿਚ ਨਵੀਆਂ ਈਜਾਦਾਂ ਹੋਣ ਕਰਕੇ ਗਤੀਸ਼ੀਲਤਾ ਵਧ ਗਈ। ਅੱਜ

ਇਕ ਦੇਸ਼ ਦੇ ਲੋਕ ਦੂਜੇ ਦੇਸ਼ ਵਿਚ ਜਾ ਕੇ ਉਥੇ ਦੇ ਲੋਕਾਂ ਨਾਲ ਵਿਚਾਰ ਸਾਂਝੇ ਕਰ ਸਕਦੇ ਹਨ। ਮਹੀਨਿਆਂ ਤੇ ਸਾਲਾਂ ਦਾ ਸਫਰ ਦਿਨਾਂ ਤੇ ਘੰਟਿਆਂ ਵਿਚ ਪੂਰਾ ਹੋ ਸਕਦਾ ਹੈ। ਰੇਲ, ਮੋਟਰ, ਹਵਾਈ ਜਹਾਜ਼ ਨੇ ਸਮੁੰਦਰ ਤੇ ਪਹਾੜੀ ਹੱਦਾਂ ਦੀ ਮਹੱਤਤਾ ਖਤਮ ਕਰ ਦਿੱਤੀ ਹੈ। ਇਸ ਲਈ ਅੱਜ ਕਲ੍ਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਅਜੋਕੇ ਯੁੱਧ ਵਿਚ ਸੰਸਾਰ ਛੋਟਾ ਹੋ ਗਿਆ ਹੈ। ਮੁਲਕਾਂ ਦੇ ਕੱਚੇ ਮਾਲ ਦੀ ਪ੍ਰਾਪਤੀ ਲਈ ਯਤਨ ਅਤੇ ਸੰਚਾਰ ਸਿਲਸਿਲੇ ਨੂੰ ਮਜ਼ਬੂਤ ਬਨਾਣ ਲਈ ਫੌਜੀ ਅੱਡਿਆਂ ਦੀ ਸਥਾਪਨਾ ਦਾ ਨਤੀਜਾ ਉਪਨਿਵੇਸ਼ਾਂ ਦੀ ਪ੍ਰਾਪਤੀ ਲਈ ਆਪਸੀ ਦੁਸ਼ਮਣੀ ਨਿਕਲਿਆ ਹੈ। ਆਵਾਜਾਈ ਤੇ ਸੰਚਾਰ ਦੇ ਤੇਜ਼ ਸਾਧਨਾਂ ਕਰਕੇ ਫੌਜੀ ਗਤੀਵਿਧੀਆਂ ਤੇ ਕੰਟਰੋਲ ਆਸਾਨ ਹੋ ਗਿਆ ਹੈ। ਦੂਰ ਦੁਰਾਡੀਆਂ ਥਾਵਾਂ ਤੇ ਫੌਜਾਂ ਦਾ ਕੰਟਰੋਲ ਕੀਤਾ ਜਾ ਸਕਦਾ ਹੈ। ਆਪਣੀਆਂ ਫੌਜਾਂ ਨੂੰ ਰਾਸ਼ਨ, ਕੱਪੜਾ ਤੇ ਹਥਿਆਰ ਦੇਣ ਵਾਸਤੇ ਹਰੇਕ ਦੇਸ਼ ਨੂੰ ਇਨ੍ਹਾਂ ਚੀਜ਼ਾਂ ਵਿਚ ਆਤਮ ਨਿਰਭਰਤਾ ਦੀ ਜ਼ਰੂਰਤ ਸੀ। ਪਰ ਇਨ੍ਹਾਂ ਸਭ ਚੀਜ਼ਾਂ ਵਿਚ ਆਤਮ ਨਿਰਭਰਤਾ ਇਕ ਬਹੁਤ ਹੀ ਮੁਸ਼ਕਿਲ ਕੰਮ ਸੀ। ਇਸ ਲਈ ਲੜਾਈ ਨੂੰ ਲੜਨ ਦੇ ਵਸੀਲੇ ਇਕੱਠੇ ਕਰਨ ਲਈ ਇਕੋ ਜਿਹੇ ਖਿਆਲਾਂ ਵਾਲੇ ਦੇਸ਼ਾਂ ਨੇ ਆਪਸ ਵਿਚ ਗੱਠਜੋੜ ਕਰ ਲਏ। ਵੀਹਵੀਂ ਸਦੀ ਵਿਚ ਜਰਮਨੀ ਤੇ ਉਸ ਦੇ ਸਾਥੀਆਂ ਨੂੰ ਹਰਾਣ ਲਈ ਇਸ ਤਰ੍ਹਾਂ ਦੇ ਗੱਠਜੋੜਾਂ ਦਾ ਜਨਮ ਕੇਵਲ ਆਰਥਿਕ ਕਾਰਣਾਂ ਕਰਕੇ ਹੀ ਨਹੀਂ ਸੀ ਹੋਇਆ ਸਗੋਂ ਰਾਜਨੀਤਿਕ ਕਾਰਣ ਤੇ ਤਕਨਾਲੋਜੀ ਵੀ ਇਨ੍ਹਾਂ ਦੇ ਜਨਮ ਤੇ ਵਿਕਾਸ ਲਈ ਜ਼ਿੰਮੇਵਾਰ ਹਨ।

ਇਸ ਰੁਚੀ ਨੇ ਲੜਾਈ ਦਾ ਕਾਰਜ ਸੰਸਾਰ ਦੇ ਦੂਰ ਦੂਰ ਹਿੱਸਿਆਂ ਤਕ ਵਧਾ ਦਿੱਤਾ। ਕਵਿੰਸੀ ਰਾਈਟ (Quincy Wright) ਨੇ ਇਸੇ ਕਥਨ ਦਾ ਅਧਿਐਨ ਆਪਣੀ ਕਿਤਾਬ 'ਸਟੱਡੀ ਆਫ ਵਾਰ' (Study of War) ਵਿਚ ਇਸ ਤਰ੍ਹਾਂ ਕੀਤਾ ਹੈ।

" 1450 ਤੋਂ 1960 ਤਕ ਹੋਇਆ 284 ਲੜਾਈਆਂ ਵਿਚ ਸ਼ਾਮਿਲ ਮੈਂਬਰਾਂ ਦੀ ਔਸਤਨ ਗਿਣਤੀ ਪੰਦਰਵੀਂ ਤੇ ਸੋਲ੍ਹਵੀਂ ਸਦੀ ਵਿਚ 2.4 ਸੀ ਤੇ ਅਗਲੀਆਂ ਸਦੀਆਂ ਵਿਚ ਕ੍ਰਮਵਾਰ 2.1, 3.7, 3.2 ਅਤੇ 5.0 ਸੀ। ਇਸ ਤੋਂ ਪਤਾ ਚਲਦਾ ਹੈ ਕਿ ਉਨ੍ਹੀਵੀਂ ਸਦੀ ਨੂੰ ਛੱਡ ਕੇ ਜਿਸ ਵਿਚ ਕਾਫੀ ਸੰਖਿਆ ਵਿਚ ਸ਼ਾਹੀ ਤੇ ਘਰੇਲੂ ਲੜਾਈਆਂ ਹੋਈਆਂ, ਲੜਾਈ ਦਾ ਰੁੱਖ ਮੈਂਬਰਾਂ ਦੀ ਗਿਣਤੀ ਦੇ ਵਾਧੇ ਵੱਲ ਸੀ। "

ਜੰਗਾਂ ਦੇ ਫੈਲਣ ਦੀ ਪ੍ਰਵ੍ਰਿਤੀ ਦਾ ਅੰਦਾਜ਼ਾ ਹੇਠ ਲਿਖੀਆਂ ਉਦਾਹਰਣਾਂ ਤੋਂ ਲਗਾਇਆ ਜਾ ਸਕਦਾ ਹੈ ਜਿਨ੍ਹਾਂ ਵਿਚ ਲੜਾਈਆਂ ਦੀ ਵੰਡ ਬਿਆਨ ਕੀਤੀ ਗਈ। ਤੀਹ ਸਾਲਾ ਜੰਗ (1618–1648) ਮੱਧ ਯੂਰਪ ਤਕ ਹੀ ਸੀਮਤ ਸੀ। ਸਪੇਨੀ ਜਾਨਸ਼ੀਨੀ ਜੰਗ (Spanish War of Succession) ਨੀਵੇਂ ਦੇਸ਼ਾਂ (Low countries), ਮੱਧ ਤੇ ਪੱਛਮੀ ਯੂਰਪ ਤੇ ਅਮਰੀਕਾ ਤਕ ਫੈਲੀ ਹੋਈ ਸੀ। ਨੈਪੋਲੀਅਨ ਦੀਆਂ ਲੜਾਈਆਂ ਸਾਰੇ ਯੂਰਪ, ਅਫਰੀਕਾ ਤੇ ਅਮਰੀਕਾ ਤੱਕ ਫੈਲੀਆਂ ਹੋਈਆਂ ਸਨ। ਦੋ ਦੁਨਿਆਵੀ ਜੰਗਾਂ ਯੂਰਪ, ਦੂਰ ਪੂਰਬ। ਅਫਰੀਕਾ, ਨੇੜੇ-ਪੂਰਬ (Near East) ਤੇ ਅੰਧ ਤੇ ਸ਼ਾਂਤ ਮਹਾਂ ਸਾਗਰ ਤੱਕ ਫੈਲੀਆਂ ਹੋਈਆਂ ਸਨ। ਦੂਜੀ ਵੱਡੀ ਜੰਗ ਤੋਂ ਬਾਅਦ ਦੀਆਂ ਹਾਲਤਾਂ ਹੋਰ ਵੀ ਖਤਰੇ ਵਾਲੀਆਂ ਸਨ। ਵੱਖ ਵੱਖ ਕਿਸਮਾਂ ਦੀਆਂ ਮਿਜ਼ਾਇਲਾਂ (Missiles) ਦੀਆਂ ਈਜਾਦਾਂ ਨੇ, ਜਿਨ੍ਹਾਂ ਦੀ ਹੱਦ ਕੁਝ ਮੀਲਾਂ ਤੋਂ ਲੈ ਕੇ ਹਜ਼ਾਰਾਂ ਮੀਲ ਤਕ ਹੈ, ਲੜਾਈ ਦੇ ਨਿਸ਼ਾਨਿਆਂ ਦਾ ਫਾਸਲਾ ਹੋਰ ਵੀ ਘੱਟ ਕਰ ਦਿੱਤਾ ਹੈ। ਉੱਤਰੀ ਤੇ ਦੱਖਣੀ ਧਰੁਵ ਫੌਜੀ ਗਤੀਵਿਧੀਆਂ ਵਾਸਤੇ ਰੁਕਾਵਟਾਂ ਨਹੀਂ ਹਨ। ਹੁਣ ਮਿਸਾਇਲਾਂ (Missiles) ਧਰੁਵਾਂ ਨੂੰ ਪਾਰ ਕਰਕੇ ਦੂਜੇ ਦੇ ਨਿਸ਼ਾਨਿਆਂ ਨੂੰ ਤਬਾਹ ਕਰ ਸਕਦੀਆਂ ਹਨ। ਹੁਣ ਸੰਸਾਰ ਨੂੰ ਇਕ ਗੋਲੇ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ ਤੇ ਭਵਿੱਖ ਦੇ ਯੁੱਧ ਕਲਾ ਮਾਹਿਰਾਂ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਪਵੇਗਾ।

### 2. ਆਧੁਨਿਕ ਜੰਗ ਮਸ਼ੀਨੀ ਹੁੰਦੀ ਹੈ (Modern Wars are Mechanised)

ਆਧੁਨਿਕ ਜੰਗਾਂ ਨੂੰ ਪ੍ਰਾਚੀਨ ਜੰਗਾਂ ਤੋਂ ਵੱਖ ਵੱਖ ਕਰਨ ਵਾਲੀ ਇਹ ਮੁੱਖ ਵਿਸ਼ੇਸ਼ਤਾ ਹੈ। ਪ੍ਰਾਚੀਨ ਜੰਗਾਂ ਜਿਸਮਾਨੀ ਤਾਕਤ, ਜਾਨਵਰਾਂ ਅਤੇ ਬੇਢੰਗੀਆਂ ਮਸ਼ੀਨਾਂ ਨਾਲ ਲੜੀਆਂ ਜਾਂਦੀਆਂ ਹਨ। ਉਨ੍ਹਾਂ ਦੇ ਹਥਿਆਰ

ਜਿਵੇਂ ਤੀਰ ਕਮਾਨ ਤੇ ਬਰਛੇ ਆਦਿ ਵੀ ਜਿਸਮਾਨੀ ਸ਼ਕਤੀ ਨਾਲ ਚਲਾਏ ਜਾਂਦੇ ਹਨ। ਪਰ ਤੇਰ੍ਹਵੀਂ ਸਦੀ ਵਿਚ ਬਾਰੂਦ ਦੀ ਈਜਾਦ ਨਾਲ ਮਾਰੂ ਹਥਿਆਰਾਂ ਦਾ ਸਿਲਸਿਲੇ ਵਾਰ ਵਿਕਾਸ ਸ਼ੁਰੂ ਹੋਇਆ। ਅੱਜ ਅਸੀਂ ਕਈ ਤਰ੍ਹਾਂ ਦੀਆਂ ਬੰਦੂਕਾਂ ਵੇਖਦੇ ਹਾਂ। ਆਪਣੇ ਆਪ (Automatic) ਚੱਲਣ ਵਾਲੀਆਂ ਬੰਦੂਕਾਂ ਵੀ ਹੋਂਦ ਵਿਚ ਆ ਚੁੱਕੀਆਂ ਹਨ। ਰਾਈਫਲ, ਮਸ਼ੀਨਗੰਨ, ਰਾਕਟ (Rocket) ਮਿਸਾਇਲਾਂ (Missiles) ਆਦਿ ਵੀ ਵਰਤੋਂ ਵਿਚ ਹਨ। ਇਨ੍ਹਾਂ ਨੇ ਲੜਾਈ ਦੇ ਘੇਰੇ ਤੇ ਮਾਰੂ ਸ਼ਕਤੀ ਵਿਚ ਵਾਧਾ ਕੀਤਾ ਹੈ।

ਆਵਾਜਾਈ ਦੇ ਖੇਤਰ ਵਿਚ ਕਈ ਸ਼ਕਤੀ–ਚਲਿਤ ਸਾਧਨਾਂ ਦੀ ਖੋਜ ਹੋਈ ਹੈ। ਭਾਫ ਦੀ ਸ਼ਕਤੀ ਰੇਲ ਇੰਜਣ ਤੇ ਸਮੁੰਦਰੀ ਜਹਾਜ਼ਾਂ ਵਿਚ ਵਰਤੀ ਗਈ ਹੈ। ਪੈਟਰੋਲ ਨਾਲ ਚਲਣ ਵਾਲੇ ਇੰਜਣ ਨੂੰ ਮੋਟਰ ਟੈਂਕ ਤੇ ਹਵਾਈ ਜਹਾਜ਼ ਵਿਚ ਇਸਤਮੇਮਾਲ ਕੀਤਾ ਗਿਆ ਹੈ। ਅੱਜਕਲ੍ਹ ਪਣਡੁੱਬੀਆਂ ਤੇ ਸਮੁੰਦਰੀ ਜਹਾਜ਼ ਾਂ ਨੂੰ ਚਲਾਣ ਲਈ ਪ੍ਰਮਾਣੂ ਸ਼ਕਤੀ ਦਾ ਪ੍ਰਯੋਗ ਕੀਤਾ ਗਿਆ ਹੈ। ਆਵਾਜਾਈ ਦੇ ਇਨ੍ਹਾਂ ਆਧੁਨਿਕ ਸਾਧਨਾਂ ਨੇ ਫੌਜਾਂ ਦੀ ਗਤੀਸ਼ੀਲਤਾ ਵਧਾ ਦਿੱਤੀ ਹੈ। ਉਹ ਦਿਨ ਖਤਮ ਹੋ ਚੁੱਕੇ ਹਨ ਜਦੋਂ ਫੋਜਾਂ ਇਕ ਦਿਨ ਵਿਚ 20 ਤੋਂ 40 ਮੀਲ ਤਕ ਸਫਰ ਤੈਅ ਕਰਦੀਆਂ ਸਨ। ਅੱਜ ਕਲ੍ਹ ਕਈ ਹਵਾਈ ਜਹਾਜ਼ ਆਵਾਜ਼ ਦੀ ਰਫਤਾਰ ਤੋਂ ਤਿੰਨ ਗੁਣਾ ਜ਼ਿਆਦਾ ਰਫਤਾਰ ਨਾਲ ਉੱਡ ਸਕਦੇ ਹਨ (ਆਵਾਜ਼ ਦੀ ਰਫ਼ਤਾਰ 331 ਮੀਟਰ ਪ੍ਰਤੀ ਸੈਕਿੰਡ ਹੈ।)।

ਆਵਾਜਾਈ ਦੇ ਤੇਜ਼ ਸਾਧਨਾਂ ਅਤੇ ਤੇਜ਼ੀ ਨਾਲ ਚਲਦੀਆਂ ਫੌਜਾਂ ਨੂੰ ਕੰਟਰੋਲ ਕਰਨ ਲਈ ਸੰਚਾਰ ਦੇ ਨਵੇਂ ਸਾਧਨ ਈਜ਼ਾਦ ਹੋ ਚੁੱਕੇ ਹਨ। ਟੈਲੀਫੋਨ, ਟੈਲੀਗਰਾਫ ਤੇ ਬੇਤਾਰ (Wireless) ਇਸ ਸ਼੍ਰੇਣੀ ਵਿਚ ਆਉਂਦੇ ਹਨ। ਇਲੈਕਟਰਾਨਿਕ (Electronics) ਔਜ਼ਾਰ ਜਿਵੇਂ ਕਿ ਕੰਪਿਊਟਰ (Computer) ਤੇ ਰਾਡਾਰ (Radar) ਆਦਿ ਈਜਾਦ ਹੋ ਚੁੱਕੇ ਹਨ ਤੇ ਇਨ੍ਹਾਂ ਦੀ ਮਦਦ ਨਾਲ ਬੜੀ ਤੇਜ਼ੀ ਨਾਲ ਸੰਚਾਰ ਸੰਬੰਧ ਸਥਾਪਿਤ ਕੀਤਾ ਜਾ ਸਕਦਾ ਹੈ। ਮਿਸਾਇਲਾਂ ਤੇ ਆਵਾਜ਼ ਨਾਲੋਂ ਤੇਜ਼ ਉੱਡਣ ਵਾਲੇ ਹਵਾਈ ਜਹਾਜ਼ ਦਾ ਰਾਹ ਦਰਸਾਣ ਲਈ ਅਤੇ ਉਨ੍ਹਾਂ ਦਾ ਪਤਾ ਲੱਭਣ ਲਈ ਇਨ੍ਹਾਂ ਸਾਧਨਾਂ ਦੀ ਮਦਦ ਲਈ ਜਾਂਦੀ ਹੈ।

ਮਾਰੂ ਗਤੀ ਦੇ ਵੱਧਣ ਨਾਲ ਵਿਸਫੋਟਕ ਪਦਾਰਥਾਂ (Explosives) ਦੀ ਤਬਾਹੀ ਕਾਰਣ ਲੜਾਈ ਦੇ ਮੈਦਾਨ ਵਿਚ ਅੱਗੇ ਵੱਧਣ ਲਈ ਇਹੋ ਜਿਹੀ ਗੱਡੀ ਚਾਹੀਦੀ ਸੀ ਜੋ ਹੇਠ ਲਿਖੇ ਗੁਣ ਰੱਖਦੀ ਹੋਵੇ :

(1) ਗੋਲੀ ਦੀ ਬੋਛਾੜ ਤੋਂ ਬਚਾਅ (2) ਮਾਰੂ ਸ਼ਕਤੀ ਅਤੇ (3) ਉਬੜ-ਖਾਬੜ ਜ਼ਮੀਨ ਤੇ ਚਲਣਸ਼ੀਲ। ਇਨ੍ਹਾਂ ਸਾਰੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਟੈਂਕ (Tank) ਦੀ ਈਜਾਦ ਕੀਤੀ ਗਈ ਤੇ ਦੂਜੀ ਵੱਡੀ ਜੰਗ ਦੇ ਅਖੀਰਲੇ ਪੜਾਵਾਂ ਵਿਚ ਸਫਲਤਾ ਨਾਲ ਇਸ ਨੂੰ ਇਸਤੇਮਾਲ ਕੀਤਾ ਗਿਆ। ਉਸ ਤੋਂ ਬਾਅਦ ਬਖਤਰਬੰਦ ਗੱਡੀਆਂ ਦਾ ਪ੍ਰਯੋਗ ਵੱਧ ਗਿਆ ਤੇ ਅੱਜ ਕਈ ਤਰ੍ਹਾਂ ਦੀਆਂ ਬਖਤਰਬੰਦ ਗੱਡੀਆਂ ਜਿਵੇ ਂ ਫੌਜੀ ਵਾਹਕ (Armoured Personnel Carriers) ਆਦਿ ਵਰਤੇ ਜਾ ਰਹੇ ਹਨ।

ਪੂਰੀ ਤਰ੍ਹਾਂ ਮਸ਼ੀਨੀਕਰਨ ਨੇ ਮੁਲਕਾਂ ਅੱਗੇ ਉਦਯੋਗਾਂ ਦੀ ਸਮੱਸਿਆ ਖੜੀ ਕਰ ਦਿੱਤੀ। ਇਸ ਵਾਸਤੇ ਮਜ਼ਬੂਤ ਵਿਗਿਆਨਕ ਤੇ ਉਦਯੋਗਿਕ ਬੁਨਿਆਦ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਤਾਂ ਜੋ ਲੜਾਈ ਠੀਕ ਢੰਗ ਨਾਲ ਲੜੀ ਜਾ ਸਕੇ। ਪੁਰਾਣੇ ਵਕਤਾ ਵਿਚ ਸਮਾਨ ਉਦੋਂ ਹੀ ਚਲਦਾ ਜਿੰਨੀ ਦੇਰ ਤਕ ਸਿਪਾਹੀ ਹੁੰਦਾ ਸੀ। ਪਰ ਅੱਜ ਸਾਮਾਨ, ਗੋਲਾ ਬਾਰੂਦ ਦੀ ਬੜੀ ਤੇਜ਼ੀ ਨਾਲ ਖਪਤ ਹੁੰਦੀ ਹੈ ਤੇ ਅੰਦਾਜ਼ ਨ ਜੰਗ ਲੜ ਰਹੇ ਇਕ ਫੌਜੀ ਨੂੰ ਮਦਦ ਦੇਣ ਲਈ 12 ਆਦਮੀਆਂ ਦੀ ਜ਼ਰੂਰਤ ਹੁੰਦੀ ਹੈ। ਉਦਯੋਗਿਕ ਕ੍ਰਾਂਤੀ ਨੇ ਲੜਾਈਆਂ ਨੂੰ ਇਸ ਤਰ੍ਹਾਂ ਮਸ਼ੀਨੀ ਬਣਾ ਦਿੱਤੀ ਕਿ ਫੁੱਲਰ (J.F.C. Fuller) ਨੇ ਆਪਣੀ ਕਿਤਾਬ 'ਕੰਡਕਟ ਆਫ ਵਾਰ' (Conduct of War) ਵਿਚ ਲਿਖਿਆ, "ਜਿੱਤ ਦਾ ਰੱਥ ਵੱਡੇ ਉਦਯੋਗਾਂ ਨਾਲ ਤੁਰਦਾ ਹੈ ਨਾਂ ਕਿ ਵੱਡੀਆਂ ਪਲਾਨਾਂ ਨਾਲ।"

### 3. ਲੜਾਈ ਦੇ ਯਤਨਾਂ ਦਾ ਕੌਮੀਕਰਣ (Nationalisation of War Efforts)

ਆਧੁਨਿਕ ਜੰਗਾਂ ਵਿਚ ਸੈਨਾਵਾਂ ਹਰ ਪੱਖ ਤੋਂ ਸਵੈ ਨਿਰਭਰ ਹੁੰਦੀਆਂ ਹਨ। ਇਹ ਤਾਂ ਹੀ ਸੰਭਵ ਹੁੰਦਾ ਹੈ ਜੇ ਲੜਾਈ ਦੇ ਯਤਨਾਂ ਦਾ ਕੌਮੀਕਰਣ ਹੋਵੇ। ਲੜਾਈ ਦੇ ਯਤਨਾਂ ਦੇ ਕੌਮੀਕਰਣ ਤੋਂ ਭਾਵ ਹੈ ਕਿ ਸਾਰੇ ਵਸੀਲਿਆਂ ਤੇ ਸਰਕਾਰ ਦਾ ਕੰਟਰੋਲ ਹੋਣਾ ਤੇ ਲੜਾਈ ਸਮੇਂ ਇਨ੍ਹਾਂ ਵਸੀਲਿਆਂ ਦੀ ਠੀਕ ਢੰਗ ਲਾਲ ਖਪਤ ਹੋਣੀ।

ਫੁੱਲਰ ਨੇ ਆਪਣੀ ਕਿਤਾਬ 'ਕੰਡਕਟ ਆਫ ਵਾਰ' ਵਿਚ ਲਿਖਿਆ ਹੈ, "ਜੰਗ ਦਾ ਉਦਯੋਗ ਦੋ ਤਰ੍ਹਾਂ ਦੀਆਂ ਤਕਨੀਕਾਂ ਵਰਤਦਾ ਹੈ। ਅਮਨ ਦੀ ਤਕਨੀਕ, ਜੋ ਜੰਗ ਨੂੰ ਵਸੀਲੇ ਸਪਲਾਈ ਕਰਦੀ ਹੈ ਤੇ ਦੂਜੀ ਤਬਾਹ ਕਰਨ ਦੀ ਤਕਨੀਕ।"

ਹਥਿਆਰਾਂ ਦੇ ਮਸ਼ੀਨੀਕਰਣ ਤੇ ਸਵੈ-ਚਲਿਤ ਹੋਣ ਕਰਕੇ ਜੰਗ ਇਕ ਮਹਿੰਗਾ ਮਸਲਾ ਬਣ ਗਿਆ ਹੈ ਅਤੇ ਇਸ ਨੂੰ ਠੀਕ ਤਰ੍ਹਾਂ ਨੇਪਰੇ ਚਾੜ੍ਹਨ ਲਈ ਸਾਰੇ ਕੌਮੀ ਵਸੀਲਿਆਂ ਨੂੰ ਲਾਮਬੰਦ ਕਰਨਾ ਪੈਂਦਾ ਹੈ। ਵਸੀਲਿਆਂ ਨੂੰ ਲਾਮਬੰਦ ਕਰਨ ਦੇ ਲਈ ਉਸ ਦੇਸ਼ ਦੀ ਲੋਕ ਰਾਇ ਵੀ ਨਾਲ ਚਾਹੀਦੀ ਹੈ ਤਾਂ ਹੀ ਆਰਥਿਕ ਹਾਲਤ ਦਾ ਕੰਟਰੋਲ ਸਰਕਾਰ ਦੇ ਹੱਥਾਂ ਵਿਚ ਆਉਂਦਾ ਹੈ। ਹਰ ਕਿਸਮ ਦੀਆਂ ਸਰਕਾਰਾਂ ਚਾਹੇ ਉਹ ਤਾਨਾਸ਼ਾਹੀ ਹੋਣ ਜਾਂ ਲੋਕਤੰਤਰੀ, ਆਰਥਿਕ ਹਾਲਤਾਂ ਨੂੰ ਮਜ਼ਬੂਤ ਬਨਾਣ ਦੇ ਯਤਨ ਕਰਦੀਆਂ ਹਨ। ਕੌਮੀ ਭਾਵਨਾ ਦੇ ਅਸਰ ਕਰਕੇ ਪ੍ਰਜਾਵਾਦੀਆਂ ਨੇ ਹਰ ਨਾਗਰਿਕ ਦੀ ਕੌਮੀ ਜ਼ਿੰਦਗੀ ਵਿਚ ਥਾਂ ਦਸਣ ਦੀ ਕੋਸ਼ਿਸ਼ ਕੀਤੀ ਹੈ। ਦੇਸ਼ ਦੇ ਹਿੱਤ ਵਾਸਤੇ ਲੜਾਈ ਵਿਚ ਲੋਕਾਂ ਨੂੰ ਕਈ ਤਰ੍ਹਾਂ ਦੇ ਬਲੀਦਾਨ ਦੇਣੇ ਪੈਂਦੇ ਹਨ। ਇਹ ਬਲੀਦਾਨ ਟੈਕਸ, ਘੱਟ ਖੱਪਤ ਆਦਿ ਦੇ ਰੂਪ ਵਿਚ ਹੁੰਦੇ ਹਨ। ਫੈਕਟਰੀਆਂ ਵਿਚ ਪੈਦਾਵਾਰ ਸ਼ਕਤੀਆਂ ਲੜਾਈਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਜੁਟਾਈਆਂ ਜਾਂਦੀਆਂ ਹਨ। ਇਹ ਦਸਤੂਰ ਅਜੇ ਵੀ ਜਾਰੀ ਹੈ ਤੇ ਸਮੇਂ ਦੇ ਬੀਤਣ ਨਾਲ ਤੀਬਰ ਹੋਈ ਜਾ ਰਿਹਾ ਹੈ।

ਅਜੋਕੀ ਜੰਗ ਵਿਚ ਦੁਸ਼ਮਣ ਦੀਆਂ ਮਹੱਤਵਪੂਰਣ ਅਸੈਨਿਕ ਥਾਵਾਂ ਨੂੰ ਨੁਕਸਾਨ ਪਹੁੰਚਾ ਕੇ ਅਤੇ ਠੀਕ ਸਮੇਂ ਤੇ ਕੀਤੇ ਪ੍ਰਾਪੇਗੰਡੇ ਰਾਹੀਂ ਨਾਗਰਿਕਾਂ ਦਾ ਹੌਸਲਾ ਆਸਾਨੀ ਨਾਲ ਡਿਗਾਇਆ ਜਾ ਸਕਦਾ ਹੈ। ਸਰਕਾਰ ਨੂੰ ਆਪਣੇ ਲੋਕਾਂ ਦਾ ਹੌਂਸਲਾ ਬੁਲੰਦ ਰਖਣ ਲਈ ਨਾਗਰਿਕ ਰੱਖਿਆ ਢੰਗ (Civil Defence) ਤੇ ਪ੍ਰਾਪੇਗੰਡਾ ਦਾ ਸਹਾਰਾ ਲੈਣਾ ਪੈਂਦਾ ਹੈ।

### 4. ਫੌਜਾਂ ਦੀ ਗਿਣਤੀ ਵਿਚ ਵਾਧਾ (Expansion in the Size of Armed Forces)

ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਦੇਸ਼ ਦੇ ਲੋਕਾਂ ਦੀ ਰਾਖੀ ਲਈ ਵੈਰੀਆਂ ਤੇ ਕੌਮੀ ਫੌਜਾਂ ਦੁਨਿਆਵੀ ਘਟਨਾ ਬਣ ਗਈਆਂ। ਤਕਰੀਬਨ ਹਰ ਦੇਸ਼ ਨੇ ਆਪਣੀ ਫੌਜਾਂ ਦੀ ਗਿਣਤੀ ਵਧਾ ਦਿੱਤੀ।

ਮਸ਼ੀਨੀਕਰਣ ਤੋਂ ਬਾਅਦ ਵੀਹਵੀਂ ਸਦੀ ਵਿਚ ਇਹ ਅੰਦਾਜ਼ਾ ਲਗਾਇਆ ਗਿਆ ਕਿ ਤਿੰਨ ਕਾਰਣਾਂ ਕਰਕੇ ਫੌਜਾਂ ਦਾ ਆਕਾਰ ਘੱਟ ਜਾਵੇਗਾ। ਪਹਿਲਾ ਕਾਰਣ ਇਹ ਸੀ ਕਿ ਲੜਾਈ ਵਿਚ ਮਨੁੱਖਾਂ ਦੀ ਥਾਂ ਮਸ਼ੀਨਾਂ ਲੈ ਲੈਣਗੀਆਂ, ਦੂਜੇ ਲੜਾਈ ਨੂੰ ਜਾਰੀ ਰਖਣ ਲਈ ਘਰੇਲੂ ਫਰੰਟ ਤੇ ਪੈਦਾਵਾਰ ਜ਼ਿਆਦਾ ਕਰਨ ਲਈ ਜ਼ਿਆਦਾ ਮਨੁੱਖਾਂ ਦੀ ਜ਼ਰੂਰਤ ਪਵੇਗੀ, ਤੇ ਤੀਜੇ ਆਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਫੌਜੀਆਂ ਨੂੰ ਚੰਗੀ ਤਰ੍ਹਾਂ ਲਾਮਬੰਦ ਨਹੀਂ ਕੀਤਾ ਜਾ ਸਕੇਗਾ ਪਰ ਇਹ ਖਿਆਲ ਸਚਾਈ ਤੋਂ ਦੂਰ ਸਿੱਧ ਹੋਏ ਹਨ। ਲੜਾਈ ਵਿਚ ਮਸ਼ੀਨਾਂ ਵਧਣ ਕਰਕੇ, ਉਨ੍ਹਾਂ ਨੂੰ ਚਲਾਉਣ ਲਈ ਜ਼ਿਆਦਾ ਫੌਜਾਂ ਦੀ ਜ਼ਰੂਰਤ ਪੈਂਦੀ ਹੈ। ਮਸ਼ੀਨ ਨੂੰ ਚਲਾਣ ਵਾਲੇ ਆਦਮੀ ਦੀ ਮਹੱਤਤਾ ਵੱਧ ਗਈ ਹੈ। ਲੜਨ ਦੀ ਇੱਛਾ ਤੇ ਮਸ਼ੀਨ ਚਲਾਣ ਦੀ ਸਿੱਖਿਆ ਮਸ਼ੀਨ ਨਾਲੋਂ ਜ਼ਿਆਦਾ ਮਹੱਤਵਪੂਰਣ ਹੈ। ਸੰਚਾਰ ਤੇ ਆਵਾਜਾਈ ਦੇ ਤੇਜ਼ ਸਾਧਨਾਂ ਕਰਕੇ ਲਾਮਬੰਦੀ ਆਸਾਨ ਹੋ ਗਈ ਹੈ।

ਇਸ ਸੰਬੰਧ ਵਿਚ ਕਵਿੰਸੀ ਰਾਈਟ (Quincy Wright) ਦੀ ਪੁਸਤਕ 'ਸਟਡੀ ਆਫ ਵਾਰ' (Study

of War) ਕਾਫੀ ਚਾਨਣਾ ਪਾਉਂਦੀ ਹੈ। ਉਹ ਲਿਖਦਾ ਹੈ, "ਜਦੋਂ ਪਹਿਲੇ ਸਮਿਆਂ ਵਿਚ ਇਕ ਪ੍ਰਤੀਸ਼ਤ ਵਸੋਂ ਨੂੰ ਲਾਮਬੰਦ ਕਰਨਾ ਬਹੁਤ ਜ਼ਿਆਦਾ ਔਖਾ ਹੁੰਦਾ ਸੀ, ਅੱਜ ਦਸ ਪ੍ਰਤੀਸ਼ਤ ਤੋਂ ਉਪਰ ਵਸੋਂ ਨੂੰ ਆਸਾਨੀ ਨਾਲ ਲਾਮਬੰਦ ਕੀਤਾ ਜਾ ਸਕਦਾ ਹੈ ਪਰ ਇੰਨੀ ਵਸੋਂ ਲਾਮਬੰਦ ਕਰਨ ਵਾਸਤੇ ਸਾਰੀ ਵਸੋਂ ਦੇ ਸਹਿਯੋਗ ਦੀ ਲੋੜ ਹੈ ਜਿਹੜੀ ਘਰਾਂ ਵਿਚ ਰਹਿੰਦੀ ਹੋਈ ਉਤਪਾਦਨ ਅਤੇ ਸਪਲਾਈ ਵਿਚ ਰੁਝੀ ਹੋਈ ਹੈ ਅਤੇ ਜਿਸ ਲਈ ਇਹ ਅਕਸਰ ਕਿਹਾ ਜਾਂਦਾ ਹੈ ਕਿ ਅਜੋਕੀਆਂ ਜੰਗਾਂ ਸਾਰੀ ਕੌਮ ਤੇ ਮੁਲਕ ਦਵਾਰਾ ਲੜੀਆਂ ਜਾਂਦੀਆਂ ਸਨ। ਲੋਕ ਜੋ ਵੱਖ ਵੱਖ ਕਿੱਤਿਆਂ ਵਿਚ ਜੁਟੇ ਹਨ ਉਹ ਸਿੱਧੇ ਜਾਂ ਅਸਿੱਧੇ ਤੌਰ ਤੇ ਲੜਾਈ ਵਿਚ ਮਦਦ ਕਰ ਰਹੇ ਹੁੰਦੇ ਹਨ। ਬੇਸ਼ਕ ਪੈਦਾਵਾਰ ਤੇ ਸਪਲਾਈ ਵਾਸਤੇ ਘਰੇਲੂ ਫਰੰਟ ਤੇ ਜ਼ਿਆਦਾ ਲੋਕਾਂ ਦੀ ਜ਼ਰੂਰਤ ਹੈ ਪਰ ਫਿਰ ਵੀ ਛੋਟੇ ਦੇਸ਼ 7 ਪ੍ਰਤੀਸ਼ਤ ਤੋਂ ਉਪਰ ਫੌਜਾਂ ਦੀ ਸਮਰਥਾ ਰੱਖਦੇ ਹਨ। ਮਸ਼ੀਨੀਕਰਣ, ਸਵੈਚਾਲਿਤਕਰਣ ਤੇ ਫੌਜੀਕਰਣ ਇਸ ਪ੍ਰਵਿਰਤੀ ਲਈ ਜ਼ਿੰਮੇਵਾਰ ਹਨ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਵੱਖ–2 ਦੇਸ਼ ਫੌਜੀਕਰਣ ਲਈ ਭਿੰਨ ਭਿੰਨ ਤਰੀਕੇ ਅਪਣਾਉਂਦੇ ਹਨ। ਉਦਾਹਰਣ ਵਜੋਂ ਕੁਝ ਜਬਰੀ ਫੌਜੀ ਭਰਤੀ (Conscription) ਦੇ ਕਾਨੂੰਨ ਦੀ ਵਰਤੋਂ ਕਰਦੇ ਹਨ। ਇਸ ਕਾਨੂੰਨ ਦੇ ਅਧੀਨ ਹਰੇਕ ਨੌਜਵਾਨ ਲਈ, ਜਿਸ ਦੀ ਉਮਰ 18 ਤੋਂ 30 ਸਾਲ ਹੋਵੇ, ਫੌਜੀ ਸੇਵਾ ਕਰਨ ਲਾਜ਼ਮੀ ਹੁੰਦਾ ਹੈ।

### 5. ਆਧੁਨਿਕ ਜੰਗਾਂ ਤੇਜ਼ ਹੁੰਦੀਆਂ ਹਨ (Modern Wars are Blitz)

ਇਹ ਆਧੁਨਿਕ ਜੰਗਾਂ ਦੀ ਇਕ ਹੋਰ ਮੁੱਖ ਵਿਸ਼ੇਸ਼ਤਾ ਹੈ। ਬਲਿਟਜ਼ ਦਾ ਭਾਵ ਹੈ ਕਿ ਇਕ ਗਤੀਵਿਧੀ ਜਾਂ ਕਾਰਵਾਈ ਜੋ ਬਿਜਲੀ ਦੀ ਚਮਕ ਦੀ ਵਾਗੂੰ ਤੇਜ਼ੀ ਨਾਲ ਕੀਤੀ ਜਾਵੇ। ਇਸ ਦਾ ਮਤਲਬ ਇਹ ਹੈ ਕਿ ਇੰਨੀ ਰਫਤਾਰ ਨਾਲ ਦੁਸ਼ਮਣ ਤੇ ਹਮਲਾ ਕੀਤਾ ਜਾਵੇ ਕਿ ਉਸ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲੇ। ਇਸ ਦਾ ਸਭ ਤੋਂ ਵੱਡਾ ਅੰਗ 'ਸਮਾਂ' ਹੁੰਦਾ ਹੈ, ਖਾਸ ਕਰਕੇ ਅਜੋਕੀ ਬਲਿਟਜ਼ ਜੰਗਾਂ ਵਿਚ ਜੋ ਤੇਜ਼ ਆਵਾਜਾਈ ਤੇ ਸੰਚਾਰ ਸਾਧਨਾਂ ਤੇ ਨਾਸ਼ਕ ਹਥਿਆਰਾਂ ਨਾਲ ਲੜੀਆਂ ਜਾਂਦੀਆਂ ਹਨ।

ਆਧੁਨਿਕ ਸਮੇਂ ਵਿਚ ਬਲਿਟਜ਼ ਸ਼ਬਦ ਦਾ ਪ੍ਰਯੋਗ ਦੂਜੀ ਵੱਡੀ ਜੰਗ ਵਿਚ ਹੋਇਆ ਜਦੋਂ ਜਰਮਨੀ ਨੇ ਫੌਜੀ ਬਖਤਰ ਬੰਦ ਗੱਡੀਆਂ, ਹਵਾਈ ਫੌਜ ਦੇ ਪ੍ਰਾਪੇਗੰਡੇ ਦੇ ਨਾਲ ਆਪਣੇ ਗਵਾਂਢੀ ਦੇਸ਼ਾਂ ਤੇ ਤੇਜ਼ੀ ਨਾਲ ਹਮਲੇ ਕੀਤੇ। ਇਸ ਨਵੇਂ ਢੰਗ ਨਾਲ ਸ਼ੁਰੂ ਵਿਚ ਉਨ੍ਹਾਂ ਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ ਤੇ ਪੋਲੈਂਡ, ਬੈਲਜੀਅਮ ਤੇ ਫਰਾਂਸ ਨੂੰ ਬਹੁਤ ਘੱਟ ਸਮੇਂ ਵਿਚ ਜਿੱਤ ਲਿਆ।

ਬੇਸ਼ਕ ਇਹ ਜਰਮਨ ਤਕਨੀਕ ਬਹੁਤ ਨਵੀਨ ਲਗਦੀ ਹੈ ਪਰ ਇਟਲੀ ਦੇ ਫੌਜੀ ਦਾਰਸ਼ਨਿਕ 'ਮੈਕੇਵਲੀ' ਨੇ ਇਸਦਾ ਜ਼ਿਕਰ ਸੋਲ੍ਹਵੀਂ ਸਦੀ ਵਿਚ ਕੀਤਾ ਸੀ। ਚੰਗੀ ਤਿਆਰੀ ਨਾਲ ਬਿਨਾਂ ਖ਼ੂਨ ਵਹਾਏ ਜੰਗ ਜਿੱਤਣ ਦੀ ਤਰਕੀਬ 'ਮੈਕਿਆਵਲੀ' ਨੇ ਪ੍ਰਗਟ ਕੀਤੀ। ਚੰਗੀਆਂ ਫੌਜਾਂ ਦਾ ਦੁਸ਼ਮਣ ਦੇ ਚੋਣਵੇਂ ਕੇਂਦਰ ਤੇ ਇਕ ਹਮਲਾ ਕਰਨਾ ਇਕ ਸਦੀਆਂ ਪੁਰਾਣਾ ਦਾਉ ਪੇਚ ਹੈ। ਸਿਕੰਦਰ, ਫਰੈਡਰਿਕ ਮਹਾਨ, ਨੈਪੋਲੀਅਨ ਤੇ ਹਿਟਲਰ ਨੇ ਇਸ ਪੇਚ ਨੂੰ ਵੱਖ ਵੱਖ ਢੰਗਾਂ ਰਾਹੀਂ ਵਰਤਿਆ ਹੈ।

ਬਹੁਤੇ ਪੁਰਾਣੇ ਸਮਿਆਂ ਤੋਂ ਦੁਸ਼ਮਣ ਦੀਆਂ ਇਕਾਗਰਤਾ ਦੀਆਂ ਚਾਲਾਂ ਨੂੰ ਰੱਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਈ ਤਰ੍ਹਾਂ ਦੀਆਂ ਚਾਲਾਂ 'ਜਾਲ ਰਖਿਆ' (Web Defence) ਈਜ਼ਾਦ ਕੀਤੀਆਂ ਗਈਆਂ ਹਨ ਤਾਂ ਜੋ ਦੁਸ਼ਮਣ ਦੇ ਤੇਜ਼ ਹਮਲਿਆਂ ਨੂੰ ਰੋਕਿਆ ਜਾ ਸਕੇ।

"ਅੱਜ ਜਦੋਂ ਕਿ ਪ੍ਰਮਾਣੂ ਤੇ ਤਾਪੀ ਹਥਿਆਰ (Thermonuclear weapons) ਈਜ਼ਾਦ ਹੋ ਚੁੱਕੇ ਹਨ ਤੇ ਮਾਰੂ ਸ਼ਕਤੀ ਰੱਖਦੇ ਹਨ, ਲੜਾਈ ਵਿਚ 'ਰਫਤਾਰ' ਤੇ "ਸਮਾਂ" ਬਹੁਤ ਮਹੱਤਵਪੂਰਣ ਹੋ ਗਏ ਹਨ। ਅੱਜ 'ਬਲਿੱਟਜ਼ ਜੰਗ' ਨੇ ਨਵੀਂ ਮਹੱਤਤਾ ਅਖਤਿਆਰ ਕਰ ਲਈ ਹੈ। ਅੱਜ ਦੇਸ਼ਾਂ ਦਾ ਅਨੁਜੀਵਨ ਅਵਰੋਧਕ ਤੇ ਜਵਾਬੀ ਹਮਲੇ ਦੀ ਤਾਕਤ ਤੇ ਨਿਰਭਰ ਹੈ। ਦੂਜੇ ਨੂੰ ਮੌਕਾ ਦਿੱਤੇ ਬਿਨਾਂ ਹਮਲਾ ਕਰਨ

ਤੇ ਜਵਾਬੀ ਹਮਲੇ ਦਾ ਸਿਧਾਂਤ ਬਹੁਤ ਖਤਰਨਾਕ ਹੈ ਕਿਉਂਕਿ ਇਹ ਹਮਲੇ ਵਿਚ ਪਹਿਲ ਕਰਨ ਦੀ ਹਿਮਾਇਤ ਕਰਦਾ ਹੈ। ਪ੍ਰਮਾਣੂ ਹਮਲੇ ਆਪਣੇ ਆਪ ਹੀ ਆਕ੍ਰਮਣਕਾਰੀ ਲਈ ਅਵਰੋਧਕ ਹਨ ਪਰ ਬਲਿਟਜ਼ ਦੀ ਮਹੱਤਤਾ ਨਹੀਂ ਘਟੀ ਹੈ। ਮੁਲਕਾਂ ਨੂੰ ਇਹੋ ਜਿਹੀ ਕਿਸੇ ਵੀ ਹਾਲਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

### 6. ਆਧੁਨਿਕ ਜੰਗਾਂ ਪੂਰਣ ਹੁੰਦੀਆਂ ਹਨ (Modern Wars are Total)

ਆਧੁਨਿਕ ਜੰਗਾਂ ਪੂਰਣ ਹੁੰਦੀਆਂ ਹਨ। ਇਸ ਦਾ ਭਾਵ ਇਹ ਹੈ ਕਿ ਜੋ ਵਸੀਲੇ ਇਕ ਦੇਸ਼ ਦੇ ਅਖਤਿਆਰ ਵਿਚ ਹੁੰਦੇ ਹਨ, ਉਨ੍ਹਾਂ ਸਭ ਨੂੰ ਜੁਟਾਣਾ ਪੈਂਦਾ ਹੈ। ਮਨੁੱਖੀ ਸ਼ਕਤੀ, ਪਦਾਰਥ ਤੇ ਹੌਸਲਾ ਆਦਿ ਬਹੁਤ ਮਹੱਤਵਪੂਰਣ ਹਨ। ਜੰਗ ਦਾ ਮਤਲਬ ਦੁਸ਼ਮਣ ਦੀ ਸਰਕਾਰ ਨੂੰ ਝੁਕਾਣ ਤੋਂ ਬਦਲ ਕੇ ਦੁਸ਼ਮਣ ਦੀ ਲੜਣ ਦੀ ਇੱਛਾ ਨੂੰ ਖਤਮ ਕਰਨਾ ਹੋ ਗਿਆ ਹੈ। ਇਸ ਨੇ ਫੌਜੀ ਤੇ ਸ਼ਹਿਰੀ ਠਿਕਾਣਿਆਂ ਅਤੇ ਸਿਪਾਹੀ ਤੇ ਨਾਗਰਿਕਾਂ ਦਾ ਅੰਤਰ ਮਿਟਾ ਦਿੱਤਾ ਹੈ। ਬੰਬਾਰੀ ਵਾਸਤੇ ਪ੍ਰਬੰਧਕੀ, ਆਵਾਜਾਈ, ਸੰਚਾਰ ਤੇ ਉਦਯੋਗਿਕ ਕੇਂਦਰ ਅਨੁਕੂਲ ਨਿਸ਼ਾਨੇ ਬਣ ਚੁੱਕੇ ਹਨ। ਨਾਗਰਿਕਾਂ ਦਾ ਹੌਸਲਾ ਤੋੜਨ ਲਈ ਹੇਠ ਲਿਖੇ ਤਰੀਕੇ ਵਰਤੇ ਜਾਂਦੇ ਹਨ। ਸ਼ਹਿਰੀ ਕੇਂਦਰ ਦੇ ਠਿਕਾਣਿਆਂ ਦੀ ਨਿਰਪੁਛਾਣ ਬੰਬਾਰੀ, ਆਰਥਿਕ ਨਾਕਾਬੰਦੀ (ਦੇਸ਼ ਨੂੰ ਭੁੱਖਿਆਂ ਮਾਰਣ ਲਈ, ਪ੍ਰਾਪੇਗੰਡੇ ਰਾਹੀਂ, ਮਾਨਸਿਕ ਜੰਗ, ਪੰਜਵੇਂ ਕਾਲਮ ਗਤੀਵਿਧੀਆਂ (Fifth Column Activities) ਰਾਹੀਂ ਭੰਨ ਤੋੜ ਆਦਿ ਕਰਨਾ ਜੋ ਪਹਿਲੇ ਸਮਿਆਂ ਵਿਚ ਨਹੀਂ ਕੀਤੀਆਂ ਜਾਂਦੀਆਂ ਹਨ। ਇਥੋਂ ਪੰਜਵੇਂ ਕਾਲਮ (Fifth Column) ਦੀ ਵਿਆਖਿਆ ਕਰਨੀ ਉਚਿਤ ਹੋਵੇਗੀ।

ਇਸ ਸ਼ਬਦ ਦੀ ਵਰਤੋਂ ਸਪੇਨ ਦੇ ਘਰੇਲੂ ਯੁੱਧ (Spanish Civil War) ਦੇ ਸਮੇਂ ਤੋਂ ਸ਼ੁਰੂ ਹੋਈ। ਇਸ ਦਾ ਅਰਥ ਉਨ੍ਹਾਂ ਲੋਕਾਂ ਦਾ ਗਰੁੱਪ (Group) ਹੈ ਜੋ ਦੁਸ਼ਮਣ ਵਿਰੁੱਧ ਆਪਣੇ ਮੁਲਕ ਦੀਆਂ ਯੋਜਨਾਵਾਂ ਨੂੰ ਦੁਸ਼ਮਣ ਦੇ ਆਦਮੀਆਂ ਨਾਲ ਮਿਲ ਕੇ ਸਫਲ ਬਣਾਉਂਦੇ ਹਨ।

ਦੂਜੀ ਵੱਡੀ ਜੰਗ ਪੂਰਣ ਜੰਗ ਦੀ ਇਕ ਚੰਗੀ ਮਿਸਾਲ ਹੈ ਜਦੋਂ ਕਿ ਹਿਟਲਰ ਨੇ ਅੰਤਰਰਾਸ਼ਟਰੀ ਕਾਨੂੰਨ ਅਤੇ ਗਵਾਂਢੀ ਦੇਸ਼ਾਂ ਤੇ ਨਿਰਪੱਖਤਾ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਸਾਰੇ ਵਸੀਲਿਆਂ ਦੀ ਲਾਮਬੰਦੀ ਕੀਤੀ ਤੇ ਪੋਲੈਂਡ ਅਤੇ ਬੈਲਜ਼ੀਅਮ ਨੂੰ ਜਿੱਤ ਲਿਆ। ਉਸ ਨੇ ਜੰਗ ਦੇ ਇਕ ਹਥਿਆਰ ਵਜੋਂ ਪ੍ਰਾਪੇਗੰਡੇ ਦਾ ਚੰਗਾ ਪ੍ਰਯੋਗ ਕੀਤਾ ਤੇ ਖਤਮ ਹੋਏ ਦੇਸ਼ਾਂ ਵਿਚ ਜਰਮਨੀ ਵਾਸਤੇ ਕੁਝ ਲੋਕਾਂ ਵਿਚ ਅਨੁਕੂਲ ਰਾਏ ਪੈਦਾ ਕੀਤੀ। ਉਸ ਵਾਸਤੇ ਦੇਸ਼ ਦੇ ਹਿੱਤ ਜ਼ਰੂਰੀ ਸਨ ਕਿ ਨਾ ਕਿ ਅੰਤਰ–ਰਾਸ਼ਟਰੀ ਪਾਬੰਦੀਆਂ ਤੇ ਨੈਤਿਕ ਤੱਤ।

ਜੰਗ ਦੀ ਪੂਰਣਤਾ ਨੂੰ ਦੁਸ਼ਮਣ ਲਈ ਸਾਇਰਲ ਫਾਲ (Cyril Fall) ਦਾ ਕਥਨ, ਜੋ ਉਸਨੇ ਆਪਣੀ ਕਿਤਾਬ ('Hundred Years of War') ਵਿਚ ਲਿਖਿਆ ਹੈ, ਦੱਸਣਾ ਜ਼ਰੂਰੀ ਹੈ। ਉਹ ਲਿਖਦਾ ਹੈ, "ਪੂਰਣ ਜੰਗ ਦਾ ਸਿਧਾਂਤ ਲੜਾਈ ਦਾ ਰਸਮੀ ਐਲਾਨ ਤੇ ਨਿਰਪੱਖਤਾ ਦੀ ਪਰਵਾਹ ਨਹੀਂ ਕਰਦਾ। ਇਹ ਮਾਰੂ ਤੇ ਹੋਰ ਗੈਸਾਂ ਦੀ ਵਰਤੋਂ ਬਿਨਾਂ ਦਸਿਆ ਬਾਰੂਦੀ ਸੁਰੰਗਾਂ ਦੇ ਵਿਛਾਉਣ ਤੇ ਚੇਤਾਵਨੀ ਦਿੱਤੇ ਬਿਨ੍ਹਾਂ ਯਾਤਰੀ ਜਹਾਜ਼ਾਂ ਤੇ ਬੰਬਾਰੀ ਕਰਨ ਦੀ ਇਜਾਜ਼ਤ ਦੇਂਦਾ ਹੈ। ਇਸ ਦਾ ਮੁੱਖ ਹਥਿਆਰ ਸ਼ਹਿਰੀ ਠਿਕਾਣਿਆਂ ਦੀ ਵਿਵੇਕਹੀਣ ਬੰਬਾਰੀ ਹੈ। ਮਿਸਾਲ ਵਜੋਂ ਸ਼ਹਿਰੀ ਇਲਾਕਿਆਂ ਦੀ ਰਾਤ ਦੇ ਸਮੇਂ ਹਵਾਈ ਜਹਾਜ਼ ਤੋਂ ਬੰਬਾਰੀ। ਇਹ ਜੰਗ ਦੇ ਸਭ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ।"

ਇਹ ਉਹ ਤਰੀਕਾ ਹੈ ਜੋ ਰੂਸੀਆਂ ਨੇ ਆਪਣੀਆਂ ਰੱਖਿਆ ਲਈ (Web Defence) ਦੂਜੇ ਵਿਸ਼ਵ ਯੁੱਧ ਸਮੇਂ ਜਰਮਨ ਦੇ ਬਲਿਟਜ਼ ਹਮਲਿਆਂ ਤੋਂ ਬਚਣ ਲਈ ਅਖਤਿਆਰ ਕੀਤਾ ਸੀ। ਇਸ ਤਰੀਕੇ ਵਿਚ ਰੱਖਿਅਕ ਥਾਵਾਂ ਤਿਆਰ ਕੀਤੀਆਂ ਗਈਆਂ ਜੋ ਐਂਟੀ ਟੈਂਕ ਬੰਦੂਕਾਂ (Anti tank guns) ਨਾਲ ਲੈਸ ਸਨ

ਤੇ ਜਰਮਨ ਟੈਂਕ ਡਵੀਜ਼ਨਾਂ ਦੇ ਹਮਲੇ ਸਹਾਰ ਸਕਦੀਆਂ ਸਨ।

ਪੂਰਣ ਜੰਗ ਦੇ ਹਿਮਾਇਤੀ ਕਹਿੰਦੇ ਹਨ ਕਿ ਸ਼ਹਿਰ ਤੇ ਨਾਗਰਿਕਾਂ ਦੀ ਬੰਬਾਰੀ ਤੋਂ ਬਿਨਾਂ ਦੁਸ਼ਮਣ ਦੀ ਲੜਨ ਦੀ ਇੱਛਾ ਖਤਮ ਨਹੀਂ ਕੀਤੀ ਜਾ ਸਕਦੀ। ਲੜਾਈ ਦੇ ਨਿਸ਼ਚਿਤ ਨਤੀਜੇ ਜਾਂ ਲਾਭ ਪ੍ਰਾਪਤ ਕਰਨ ਲਈ ਉਹ ਲੜਾਈ ਵਿਚ ਜ਼ੁਲਮ ਦੀ ਹਿਮਾਇਤ ਕਰਦੇ ਹਨ। ਪਰ ਇਹ ਸਿਧਾਂਤ ਵੀ ਜ਼ਿਆਦਾ ਸਮਾਂ ਨਹੀਂ ਚਲ ਸਕਦਾ ਕਿਉਂਕਿ ਇਸ ਦੇ ਆਪਣੇ ਪ੍ਰਭਾਵ ਤੇ ਨਤੀਜੇ ਹਨ। ਇਸ ਤੋਂ ਛੁਟ ਸੰਪੂਰਣ ਜੰਗ ਦੇ ਸਿਧਾਂਤ ਦੀ ਹਿਮਾਇਤ ਦਾ ਅਰਥ ਹੈ ਸੰਪੂਰਨ ਤਬਾਹੀ ਦੇ ਸਿਧਾਂਤ ਦੀ ਹਿਮਾਇਤ। ਅੱਖ ਬੰਦ ਕਰਕੇ ਪੂਰਣ ਜੰਗ ਦੇ ਸਿਧਾਂਤ ਨੂੰ ਮੰਨਣ ਤੋਂ ਪਹਿਲਾਂ ਸਾਨੂੰ ਪੂਰੀ ਤਬਾਹੀ ਦੀ ਅਸਲੀਅਤ ਅਤੇ ਵਿਗਿਆਨ ਤੇ ਤਕਨੀਕੀ ਗਿਆਨ ਦੀਆਂ ਪਾਬੰਦੀਆਂ ਨੂੰ ਵੇਖਣਾ ਪਵੇਗਾ। ਇਨ੍ਹਾਂ ਪਾਬੰਦੀਆਂ ਨੇ ਅੱਜ ਦੇ ਸਮੇਂ ਵਿਚ ਅਜੋਕੀ ਜੰਗ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਬਦਲ ਦਿੱਤਾ ਹੈ। ਅੱਜ ਜੰਗਾਂ ਪੂਰਣ ਹੋਣ ਦੇ ਨਾਲ–2 ਸੀਮਿਤ ਤੇ ਸਥਾਨਿਕ (limited and Local) ਵੀ ਹਨ।

### 7. ਆਧੁਨਿਕ ਲੜਾਈਆਂ ਬਹੁਤ ਖਰਚੇ ਅਤੇ ਤਬਾਹੀ ਵਾਲੀਆਂ ਹੋ ਗਈਆਂ ਹਨ (Modern Wars are Expensive and Destructive)

ਹਥਿਆਰ ਅਤੇ ਜੰਗੀ ਸਮਾਨ, ਜਿਹੜੇ ਕਿ ਆਧੁਨਿਕ ਜੰਗਾਂ ਵਿਚ ਵਰਤੇ ਜਾਂਦੇ ਹਨ, ਦਿਨੋਂ ਦਿਨ ਮਹਿੰਗੇ ਹੁੰਦੇ ਜਾ ਰਹੇ ਹਨ। ਆਧੁਨਿਕ ਲੜਾਕੂ ਜਹਾਜਾਂ, ਸਮੁੰਦਰੀ ਜਹਾਜ਼ਾਂ ਅਤੇ ਟੈਂਕਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਆਧੁਨਿਕ ਬੰਬਰਾਂ ਅਤੇ ਸਮੁੰਦਰੀ ਜਹਾਜ਼ਾਂ ਦੀਆਂ ਕੀਮਤਾਂ ਕਰੋੜਾਂ ਰੁਪਏ ਤਕ ਜਾ ਪਹੁੰਚੀ ਹੈ। ਆਧੁਨਿਕ ਸਵੈ–ਚਾਲਿਤ ਹਥਿਆਰਾਂ ਜਿਵੇਂ ਬੰਦੂਕਾਂ ਅਤੇ ਤੋਪਾਂ ਨੇ ਅਸਲੇ ਦੀ ਖਪਤ ਵਿਚ ਬਹੁਤ ਵਾਧਾ ਕਰ ਦਿੱਤਾ ਹੈ। ਇਸ ਤਰ੍ਹਾਂ ਜੰਗ ਵੀ ਬਹੁਤ ਖਰਚ ਵਾਲੀ ਹੋ ਜਾਂਦੀ ਹੈ। ਦੁਸ਼ਮਣ ਦੀਆਂ ਜਾਇਦਾਦਾਂ, ਕਾਰਖਾਨੇ, ਪਾਵਰ ਹਾਊਸ ਅਤੇ ਸੰਚਾਰ ਅਵਸਥਾ ਜਿਨ੍ਹਾਂ ਵਿਚ ਸੜਕਾਂ, ਰੇਲਾਂ ਅਤੇ ਹਵਾਈ ਅੱਡੇ ਕਹੇ ਜਾ ਸਕਦੇ ਹਨ, ਵੀ ਭਿਆਨਕ ਤਬਾਹੀ ਜੰਗਾਂ ਦੇ ਖਰਚ ਨੂੰ ਹੋਰ ਵਧਾਉਂਦੀ ਹੈ। ਇਸ ਜੰਗੀ ਤਬਾਹੀ ਤੋਂ ਬਾਅਦ ਮੁੜ ਆਪਣੀ ਪਹਿਲੀ ਹਾਲਤ ਵਿਚ ਆਉਣ ਲਈ ਕਾਫੀ ਸਮਾਂ ਲਗਦਾ ਹੈ। ਇਨਸਾਨੀ ਜ਼ਿੰਦਗੀਆਂ ਦਾ ਅੰਤ ਅਤੇ ਉਨ੍ਹਾਂ ਦੀਆਂ ਤਕਲੀਫਾਂ ਜੋ ਉਨ੍ਹਾਂ ਨੂੰ ਜੰਗ ਦੇ ਦੌਰਾਨ ਸਹਿਣੀਆਂ ਪੈਂਦੀਆਂ ਹਨ, ਦਾ ਹਿਸਾਬ ਪੈਸੇ ਦੇ ਨੁਕਤੇ ਤੋਂ ਨਹੀਂ ਲਗਾਇਆ ਜਾ ਸਕਦਾ। ਵਧ ਰਹੇ ਜੰਗੀ ਖਰਚਿਆਂ ਬਾਰੇ ਜਾਣਕਾਰੀ ਅਸੀਂ ਅਮਰੀਕਾ ਨਿਊਜ਼ ਅਤੇ ਵਰਲਡ ਰਿਪੋਰਟ ਮਿਤੀ 27 ਫਰਵਰੀ 1957 ਤੋਂ ਲਗਾ ਸਕਦੇ ਹਾਂ ਜਿਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ 19ਵੀਂ ਸ਼ਤਾਬਦੀ ਵਿਚ ਲੜਨ ਵਾਲੇ ਮੁਲਕਾਂ ਨੇ ਆਪਣੀ ਕੌਮੀ ਆਮਦਨ ਦਾ 8 ਪ੍ਰਤੀਸ਼ਤ ਤੋਂ 13 ਪ੍ਰਤੀਸ਼ਤ ਖਰਚਾ ਜੰਗੀ ਸਮਾਨ ਤੇ ਕੀਤਾ ਅਤੇ ਖਰਚਾ ਪਹਿਲੀ ਵੱਡੀ ਜੰਗ ਸਮੇਂ 59 ਪ੍ਰਤੀਸ਼ਤ ਅਤੇ ਦੂਜੀ ਵੱਡੀ ਜੰਗ ਦੇ ਦੌਰਾਨ 60 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤਕ ਵਧ ਗਿਆ।

ਬਾਰੂਦ ਦੀ ਕਾਢ ਤੋਂ ਬਾਅਦ ਜਦੋਂ ਤੋਪਾਂ ਆਦਿ ਦੀ ਵਰਤੋਂ ਸ਼ੁਰੂ ਹੋਈ ਤਾਂ ਤਬਾਹੀ ਬਹੁਤ ਵਧ ਗਈ। ਪਹਿਲੀ ਸੰਸਾਰ ਜੰਗ ਦੌਰਾਨ ਸੋਮ ਦੀ ਲੜਾਈ (1916) ਵਿਚ ਸਿਰਫ 10 ਮੀਲ ਦੇ ਖੇਤਰ ਵਿਚ 900 ਭਾਰੀਆਂ ਤੋਪਾਂ ਅਤੇ 1100 ਹਲਕੀਆਂ ਤੋਪਾਂ ਲਾਈਆਂ ਗਈਆਂ ਸਨ। ਪਹਿਲੀ ਸੰਸਾਰ ਜੰਗ ਦੇ ਦੌਰਾਨ ਕੁਲ 13 ਮਿਲੀਅਨ ਲੋਕ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਇਕ ਮਿਲੀਅਨ ਬਰਤਾਨਵੀ, 1400,000 ਫਰਾਂਸੀਸੀ, 1,00,000 ਰੂਸੀ, 1,200,000 ਆਸਟਰੋ–ਹੰਗਰੀਅਨ ਅਤੇ 1,800,000 ਜਰਮਨ ਮਾਰੇ ਗਏ ਸਨ। ਦੂਜੀ ਸੰਸਾਰ ਜੰਗ ਦੇ ਦੌਰਾਨ 55 ਮਿਲੀਅਨ ਲੋਕ ਮਾਰੇ ਸਨ ਅਤੇ 90 ਮਿਲੀਅਨ ਲੋਕ ਜਖਮੀ ਹੋਏ ਸਨ। ਇਕ ਹੋਰ ਅੰਦਾਜ਼ੇ ਅਨੁਸਾਰ 1914 ਤੋਂ 1953 ਤਕ ਹੋਈਆਂ ਵੱਖਰੀਆਂ ਜੰਗਾਂ ਵਿਚ 82,695,000 ਲੋਕ ਮਾਰੇ ਗਏ ਸਨ। ਪ੍ਰਮਾਣੂ ਬੰਬ ਦੀ ਕਾਢ ਨੇ ਲੜਾਈ ਹੋਰ ਵੀ ਜ਼ਿਆਦਾ ਤਬਾਹੀ

ਵਾਲੀ ਬਣਾ ਦਿੱਤੀ। 1945 ਵਿਚ ਦੂਜੀ ਸੰਸਾਰ ਜੰਗ ਦੇ ਦੌਰਾਨ ਅਮਰੀਕਾ ਦੁਆਰਾ ਜਾਪਾਨ ਦੇ ਸ਼ਹਿਰਾਂ ਉਪਰ ਪ੍ਰਮਾਣੂ ਬੰਬਾਂ ਨਾਲ ਹਮਲਾ ਕੀਤਾ ਗਿਆ ਸੀ। ਹੀਰੋਸ਼ੀਮਾ ਸ਼ਹਿਰਾਂ ਵਿਚ 1,18,000 ਮੌਤਾਂ ਹੋਈਆਂ ਸਨ ਅਤੇ ਨਾਗਾਸਾਕੀ ਵਿਚ 39,000 ਵਿਅਕਤੀ ਮਾਰੇ ਗਏ ਸਨ। ਇਸ ਵੇਲੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਵਰਤੇ ਗਏ ਬੰਬਾਂ ਨਾਲੋਂ ਕਿੰਨੇ ਹੀ ਵੱਧ ਸ਼ਕਤੀਸ਼ਾਲੀ ਮਾਰੂ ਬੰਬ ਬਣ ਗਏ ਹਨ। ਇਸ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਜੰਗ ਹੋਰ ਜ਼ਿਆਦਾ ਤਬਾਹੀ ਵਾਲੀ ਹੋ ਜਾਵੇਗੀ।

### 1.2.4 ਸਵੈ–ਅਭਿਆਸ ਪ੍ਰਸ਼ਨ

1. ਆਧੁਨਿਕ ਜੰਗ ਕੀ ਹੈ ?

   ________________________________________

   ________________________________________

2. ਬਲਿਟਜ਼ ਤੋਂ ਕੀ ਭਾਵ ਹੈ ?

   ________________________________________

   ________________________________________

### 1.2.5 ਸਿੱਟਾ

ਉਪਰੋਕਤ ਪਾਠ ਵਿੱਚ ਆਧੁਨਿਕ ਜੰਗ ਕੀ ਹੈ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਨਾਲ ਹੀ ਇਸ ਵਿਸ਼ੇਸ਼ਤਾਵਾਂ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਕਿਸ ਤਰ੍ਹਾਂ ਅਜੋਕੇ ਸਮੇਂ ਵਿੱਚ ਜੰਗ ਦਾ ਸਰੂਪ ਬਦਲ ਚੁੱਕਾ ਹੈ ਅਤੇ ਨਵੀਂ ਤਕਨੀਕਾਂ ਅਤੇ ਖੋਜਾਂ ਜੰਗ ਨੂੰ ਹੋਰ ਜਿਆਦਾ ਭਿਆਨਕ ਅਤੇ ਖਰਚੀਲੀ ਬਣਾਉਂਦੀਆਂ ਹਨ।

### 1.2.6 ਵੱਡੇ ਪ੍ਰਸ਼ਨ

1. ਆਧੁਨਿਕ ਜੰਗ ਦੀਆਂ ਵਿਸ਼ੇਸ਼ਤਾਵਾਂ ਦੱਸੋ।
2. ਆਧੁਨਿਕ ਜੰਗ ਦੌਰ ਕਦੋਂ ਸ਼ੁਰੂ ਹੋਇਆ ਅਤੇ ਇਹ ਕਿਸ ਤਰ੍ਹਾਂ ਬਹੁਤ ਤਬਾਹੀ ਵਾਲੀ ਹੁੰਦੀ ਹਨ।

### 1.2.7 ਮੁੱਖ ਸ਼ਬਦ

ਆਧੁਨਿਕ ਜੰਗ ਦੇ ਹਥਿਆਰ : ਪ੍ਰਮਾਣੂ ਹਥਿਆਰ, ਜੈਵਿਕ ਹਥਿਆਰ ਅਤੇ ਰਸਾਇਣਿਕ ਹਥਿਆਰ ਆਦਿ।

ਆਧੁਨਿਕ ਜੰਗ ਦੀ ਵਿਸ਼ੇਸ਼ਤਾਵਾਂ : ਗਲੋਬਲ, ਮਸ਼ੀਨੀ, ਬਲਿਟਜ਼, ਟੋਟਲ ਆਦਿ

### 1.2.8 ਸਹਾਇਕ ਪੁਸਤਕ ਸੂਚੀ


1. K.S. Sidhu : War and its Principles
2. Maj Gen. D. K. Palit : The Essentials of Military Knowledge
3. J.F.C. Fuller : Conduct of War

ਪਾਠ ਨੰ: 1.3 **UPDATED: MAY, 2024**

**Converted into SLM By Dr. Harsangeet Pal Kaur**

# ਜੰਗ : ਨੀਤੀ ਦੇ ਸਾਧਨ ਦੇ ਰੂਪ ਵਿੱਚ
# (War as an Instrument of policy)


1.3.1 ਉਦੇਸ਼
1.3.2 ਭੂਮਿਕਾ
1.3.3 ਜੰਗ ਅਤੇ ਨੀਤੀ
1.3.4 ਜੰਗ ਅਤੇ ਰਾਸ਼ਟਰੀ ਉਦੇਸ਼
1.3.5 ਸਵੈ-ਅਭਿਆਸ ਪ੍ਰਸ਼ਨ
1.3.6 ਹਥਿਆਰ ਦੇ ਰੂਪ ਵਿੱਚ ਜੰਗ ਦੀ ਉਪਯੋਗਤਾ
1.3.7 ਨੀਤੀ ਦੇ ਸਾਧਨ ਦੇ ਰੂਪ ਵਿੱਚ ਜੰਗ ਦਾ ਭਵਿੱਖ
1.3.8 ਸਿੱਟਾ
1.3.9 ਵੱਡੇ ਪ੍ਰਸ਼ਨ
1.3.10 ਮੁੱਖ ਸ਼ਬਦ
1.3.11 ਸਹਾਇਕ ਪੁਸਤਕ ਸੂਚੀ


## 1.3.1 ਉਦੇਸ਼

ਇਸ ਪਾਠ ਦਾ ਮੁੱਖ ਉਦੇਸ਼ ਯੁੱਧ ਅਤੇ ਇਸ ਦੀਆਂ ਵਿਭਿੰਨਤਾਵਾਂ ਦਾ ਵੇਰਵਾ ਦੇਣਾ ਹੈ। ਇਸ ਤੋਂ ਇਲਾਵਾ ਇਹ ਪਾਠ ਨੀਤੀ ਦੇ ਇੱਕ ਸਾਧਨ ਵੱਜੋਂ ਯੁੱਧ ਦੀ ਉਪਯੋਗਤਾ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਦਾ ਹੈ।

## 1.3.2 ਭੂਮਿਕਾ :-

ਅੰਤਰਰਾਸ਼ਟਰੀ ਰਾਜਨੀਤੀ ਵਿੱਚ ਕਿਸੇ ਵੀ ਦੇਸ਼ ਦੇ ਰਾਸ਼ਟਰੀ ਹਿੱਤਾਂ ਦੀ ਪੂਰਤੀ ਲਈ ਜੰਗ ਨੂੰ ਅੰਤਮ ਉਪਾਅ ਮੰਨਿਆ ਜਾਂਦਾ ਹੈ। ਜਦੋਂ ਦੇਸ਼ਾਂ ਦੀਆਂ ਰਾਜਨੀਤਿਕ ਸਮੱਸਿਆਵਾਂ ਦਾ ਹਲ ਗੱਲਬਾਤ ਜਾਂ ਹੋਰ ਸ਼ਾਂਤੀਪੂਰਨ ਸਾਧਨਾਂ ਰਾਹੀਂ ਨਹੀਂ ਨਿਕਲਦਾ ਤਾਂ ਜੰਗ ਦਾ ਸਹਾਰਾ ਲਿਆ ਜਾਂਦਾ ਹੈ। ਪੁਰਾਣੇ ਭਾਰਤੀ ਨੀਤੀਕਾਰਾਂ ਨੇ ਵੀ 'ਸਾਮ, ਦਾਮ ਦੰਡ ਅਤੇ ਭੇਦ' ਆਦਿ ਉਪਾਅ ਵਰਤਣ ਦੀ ਸਲਾਹ ਦਿੱਤੀ ਸੀ। ਜੰਗ ਆਪਣੇ-ਆਪ ਵਿੱਚ ਇੰਨੀ ਅਨਿਸ਼ਚਿਤ, ਮਹਿੰਗੀ ਅਤੇ ਭਿਆਨਕ ਹੈ ਕਿ ਨੀਤੀ ਬਣਾਉਣ ਵਾਲੇ ਪੂਰਾ ਯਤਨ ਕਰਦੇ ਹਨ ਕਿ ਆਪਣੀ ਵਿਦੇਸ਼ੀ ਨੀਤੀ ਦੇ ਉਦੇਸ਼ਾਂ ਦੀ ਪੂਰਤੀ ਲਈ ਜੰਗ ਦਾ ਸਹਾਰਾ ਨਾ ਲਿਆ ਜਾਵੇ। ਪਰ ਕਈ ਕਾਰਣਾਂ ਕਰਕੇ ਰਾਸ਼ਟਰੀ ਹਿੱਤਾਂ ਦੀ ਪੂਰਤੀ ਲਈ ਕਈ ਵਾਰ ਜੰਗ ਦਾ ਸਹਾਰਾ ਲੈਣਾ ਪੈਂਦਾ ਹੈ। ਜਰਮਨ ਵਿਚਾਰਕ ਕਲਾਜਵਿਟਜ਼ (Clauswitz) ਦੇ ਮੁਤਾਬਕ ''ਜੰਗ ਇੱਕ ਤਰ੍ਹਾਂ ਦਾ

ਰਾਜਨੀਤਿਕ ਸੰਪਰਕ ਹੈ। ਇਹ ਕੂਟਨੀਤੀ ਤੋਂ ਇਲਾਵਾ ਹੋਰ ਸਾਧਨਾਂ ਨਾਲ ਵਿਦੇਸ਼ ਨੀਤੀ ਨੂੰ ਜਾਰੀ ਰੱਖਣ ਦਾ ਯਤਨ ਹੈ''। (War is only a continuation of state policy by other means-Karl Von Clauswitz) । ਹਾਲ (Hall) ਨੇ ਆਪਣੀ ਕਿਤਾਬ 'International Law' ਵਿੱਚ ਇਸ ਬਾਰੇ ਇੰਝ ਦੱਸਿਆ ਹੈ ਕਿ ''ਜਦੋਂ ਰਾਜਾਂ ਵਿਚਕਾਰ ਮਤਭੇਦ ਇੰਨੇ ਵੱਧ ਜਾਂਦੇ ਹਨ ਕਿ ਦੋਨੇ ਪੱਖ ਤਾਕਤ ਦਾ ਇਸਤੇਮਾਲ ਕਰਦੇ ਹਨ ਜਾਂ ਉਨ੍ਹਾਂ ਵਿੱਚੋਂ ਕੋਈ ਇੱਕ ਪੱਖ ਹਿੰਸਾ ਦਾ ਅਜਿਹਾ ਕੰਮ ਕਰਦਾ ਹੈ, ਜਿਸ ਨੂੰ ਦੂਜਾ ਪੱਖ ਸ਼ਾਂਤੀ ਭੰਗ ਸਮਝਦਾ ਹੈ ਤਾਂ ਦੋਹਾਂ ਦੇਸ਼ਾਂ ਵਿਚਕਾਰ ਜੰਗ ਹੁੰਦੀ ਹੈ। ਇਸ ਵਿੱਚ ਦੋਨੋਂ ਪੱਖ ਇਕ ਦੂਜੇ ਦੇ ਵਿਰੁੱਧ ਨਿਯੰਤਰਿਤ ਹਿੰਸਾ ਦਾ ਪ੍ਰਯੋਗ ਉਸ ਸਮੇਂ ਤਕ ਕਰਦੇ ਹਨ, ਜਦੋਂ ਤਕ ਦੋਹਾਂ ਵਿੱਚੋਂ ਇੱਕ ਪੱਖ ਉਨ੍ਹਾਂ ਸ਼ਰਤਾਂ ਨੂੰ ਮੰਨਣ ਲਈ ਤਿਆਰ ਨਾ ਹੋਵੇ, ਜਿਹਨਾਂ ਨੂੰ ਉਸਦਾ ਦੁਸ਼ਮਣ ਮੰਨਵਾਉਣਾ ਚਾਹੁੰਦੇ ਹਨ।''

ਜ਼ਾਹਿਰ ਹੈ ਕਿ ਜੰਗ ਦੋ ਜਾਂ ਦੋ ਤੋਂ ਵੱਧ ਧੜਿਆਂ ਵਿਚਕਾਰ ਹੁੰਦੀ ਹੈ। ਲੜਾਈ ਵਿੱਚ ਸ਼ਕਤੀ ਦਾ ਪ੍ਰਯੋਗ ਕਰਨਾ ਪੈਂਦਾ ਹੈ, ਜਿਸ ਤੋਂ ਬਿਨਾਂ ਵਿਰੋਧੀ ਉਪਰ ਆਪਣੀ ਇੱਛਾ ਥੋਪਣਾ ਮੁਸ਼ਕਲ ਹੁੰਦਾ ਹੈ। ਹਰ ਇਕ ਜੰਗ ਪਿਛੇ ਇੱਕ ਉਦੇਸ਼ ਹੁੰਦਾ ਹੈ। ਜਦੋਂ ਵਿਦੇਸ਼ ਨੀਤੀ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ਾਂਤੀਪੂਰਣ ਢੰਗ ਫੇਲ੍ਹ ਹੋ ਜਾਂਦੇ ਹਨ ਤਾਂ ਜੰਗ ਦਾ ਸਹਾਰਾ ਲਿਆ ਜਾਂਦਾ ਹੈ। ਦੁਸ਼ਮਣ ਨੂੰ ਅਜਿਹੀ ਹਾਲਤ ਵਿੱਚ ਪਾ ਦੇਣਾ ਚਾਹੀਦਾ ਹੈ ਜਿਥੇ ਉਸ ਨੂੰ ਨਿਕਲਣਾ ਆਸਾਨ ਨਾ ਹੋਵੇ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਕਰ ਪਹਿਲਾਂ ਤੋਂ ਹੀ ਵਿਰੋਧੀ ਦੇਸ਼ ਦੀ ਤਾਕਤ ਅਤੇ ਉਸਦੇ ਸਾਧਨਾਂ ਦਾ ਸਹੀ ਅੰਦਾਜ਼ਾ ਲਾ ਲਿਆ ਜਾਵੇ। ਲੜਾਈ ਵਿੱਚ ਜਿੰਨੀ ਜ਼ਿਆਦਾ ਜਨ-ਸੰਖਿਆ, ਸਾਧਨ, ਪ੍ਰਚਾਰ, ਕੂਟਨੀਤੀ ਅਤੇ ਦੁਸ਼ਮਣ ਦੇ ਉਦਯੋਗਾਂ ਨੂੰ ਤਬਾਹ ਕਰਨ ਦਾ ਯਤਨ ਕੀਤਾ ਜਾਂਦਾ ਹੈ, ਉਨੀ ਹੀ ਜੰਗ ਪੂਰਣਤਾ ਦੇ ਨੇੜੇ ਹੋ ਜਾਂਦੀ ਹੈ। ਆਧੁਨਿਕ ਦੇਸ਼ਾਂ ਨੇ ਜੰਗ ਨੂੰ ਨੀਤੀ ਦੇ ਸਾਧਨ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਹੈ। ਹੁਣ ਅਸੀਂ ਜੰਗ ਤੇ ਨੀਤੀ ਦੇ ਸੰਬੰਧਾਂ ਬਾਰੇ ਪੜਾਂਗੇ।

### 1.3.3 ਜੰਗ ਅਤੇ ਨੀਤੀ (War and Policy)

ਰਾਸ਼ਟਰੀ ਨੀਤੀਆਂ, ਜਿਵੇਂ ਕਿ ਕੂਟਨੀਤੀ, ਰਾਜਨੀਤਿਕ, ਮਨੋਵਿਗਿਆਨਕ ਅਤੇ ਆਰਥਿਕ ਸਾਧਨ ਆਦਿ ਜਿਨ੍ਹਾਂ ਨੂੰ ਤਕਨੀਕ ਦੇ ਤੋਰ ਤੇ ਵਰਤਿਆ ਜਾਂਦਾ ਹੈ, ਦੇ ਨਾਲ ਨਾਲ ਜੰਗ ਵੀ ਇਕ ਤਕਨੀਕ ਦੇ ਤੌਰ ਤੇ ਵਰਤੀ ਜਾਂਦੀ ਹੈ। ਜੰਗ ਨੇ ਇੰਨੇ ਵਧੀਆ ਢੰਗ ਨਾਲ ਕੰਮ ਕੀਤਾ ਹੈ ਕਿ ਇਸ ਨੇ ਇੰਨੀਆਂ ਸਮੱਸਿਆਵਾਂ ਨੂੰ ਹਲ ਕੀਤਾ ਹੈ ਕਿ ਕੋਈ ਵੀ ਰਾਸ਼ਟਰ ਇਸ ਦਾ ਤਿਆਗ ਕਰਨ ਤੋਂ ਹਿਚਕਿਚਾਉਂਦਾ ਹੈ। ਜੰਗ ਅਤੇ ਰਾਸ਼ਟਰੀ ਨੀਤੀ ਅੰਤਰ-ਸੰਬੰਧਿਤ ਹਨ। ਫੌਜੀ ਅਰਥਾਂ ਵਿਚ ਜੰਗ ਦਾ ਅਰਥ ਹਥਿਆਰਬੰਦ ਫੌਜਾਂ ਦੀ ਵਰਤੋਂ ਕਰਨਾ ਹੈ। ਇਸ ਲਈ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕੂਟਨੀਤਿਕ ਸਾਧਨਾਂ ਦੇ ਅਸਫ਼ਲ ਹੋਣ ਤੇ ਜੰਗ ਹੁੰਦੀ ਹੈ। ਸਰਕਾਰਾਂ ਆਪਣੀ ਮਨ ਇੱਛਤ ਚੀਜ਼ ਨੂੰ ਪ੍ਰਾਪਤ ਕਰਨ ਦੇ ਲਈ ਜੰਗ ਨੂੰ ਇੱਕ ਤਰਕਸ਼ੀਲ ਸਾਧਨ ਦੇ ਰੂਪ ਵਿੱਚ ਵਰਤਦੀਆਂ ਹਨ। ਜੰਗ ਦੇ ਕਾਰਣ ਰਾਸ਼ਟਰੀ ਨੀਤੀ ਦੇ ਉਦੇਸ਼ਾਂ ਨੂੰ ਸਥਾਪਿਤ ਕਰਨਾ ਹੈ ਅਤੇ ਇਹ ਰਾਸ਼ਟਰੀ ਨੀਤੀ ਦੇ ਇੱਕ ਰੂਪ ਵਿੱਚ ਜੰਗ ਨਾਲ ਸੰਬੰਧਿਤ ਹਨ। (Eagleton Clyde) ਨੇ ਕਿਹਾ ਹੈ ਕਿ ''ਉਦੇਸ਼ਾਂ ਦੀ ਪ੍ਰਾਪਤੀ ਲਈ ਜੰਗ ਇੱਕ ਤਰੀਕਾ ਹੈ। ਰਾਸ਼ਟਰੀ ਨੀਤੀ, ਜੰਗ ਵਿੱਚ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਕਿੰਨੀ ਤਾਕਤ ਵਰਤਣੀ ਹੈ, ਦਾ ਫੈਸਲਾ ਕਰਦੀ ਹੈ।'' Clausewitz ਲਿਖਦਾ ਹੈ ਕਿ ''ਰਾਸ਼ਟਰੀ ਨੀਤੀ ਇੱਕ ਅਜਿਹੀ ਕੁੱਖ ਹੈ ਜਿਸ ਵਿੱਚ ਜੰਗ ਜਨਮਦੀ ਹੈ ਅਤੇ ਜਿਸ ਵਿੱਚ ਮੁੱਖ ਧਰਾਵਾਂ ਆਰੰਭਕ ਹਾਲਤ ਵਿੱਚ ਲੁਕੀਆਂ ਹੁੰਦੀਆਂ ਹਨ, ਜਿਸ ਤਰ੍ਹਾਂ ਇੱਕ ਜੀਵ ਦੇ ਗੁਣ ਇੱਕ ਸੂਖ਼ਮ ਕੀਟਾਣੂ ਵਿੱਚ ਹੁੰਦੇ ਹਨ। ਉਸੇ ਤਰ੍ਹਾਂ ਜੰਗ ਅਤੇ ਨੀਤੀ ਦੇ

1."State Policy is the womb in which war is developed and in which its outlines lie hidden in the rudimentray state, like the qualities or living creatures in their germs." Clausewitz

ਸੰਬੰਧ ਦੂਜੇ ਸਾਧਨਾਂ ਨਾਲ ਵੀ ਹੈ।''[1] ਉਹ ਅੱਗੇ ਕਹਿੰਦਾ ਹੈ ''ਜੰਗ ਨੂੰ ਇੱਕ ਸੁਤੰਤਰ ਵਸਤੂ ਨਹੀਂ ਮੰਨਣਾ ਚਾਹੀਦਾ ਬਲਕਿ ਇਕ ਰਾਜਨੀਤਿਕ ਹਥਿਆਰ ਦੇ ਤੌਰ ਤੇ ਵੇਖਿਆ ਜਾਣਾ ਚਾਹੀਦਾ ਹੈ।[2] ਇਸ ਲਈ ਜੰਗ ਸਿਵਾਏ ਇਸ ਦੇ ਕਿ ਕਲਮ ਦੀ ਜਗ੍ਹਾਂ ਤਲਵਾਰ ਨੂੰ ਫੜ ਲਿਆ ਜਾਵੇ, ਤੋਂ ਬਿਨਾਂ ਕੁਝ ਨਹੀਂ ਹੈ। ਇਸ ਨੂੰ ਰਾਸ਼ਟਰ ਨੀਤੀ ਦੀ ਇੱਕ ਸਾਧਾਰਣ ਰੁਚੀ ਵੀ ਕਿਹਾ ਜਾ ਸਕਦਾ ਹੈ। ਜੰਗ ਨੂੰ ਰਾਜਨੀਤਿਕ ਮੇਲ ਮਿਲਾਪ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

### 1.3.4 ਜੰਗ ਅਤੇ ਰਾਸ਼ਟਰੀ ਉਦੇਸ਼ (War and National Aim)

ਜੰਗ ਛੇੜਨ ਤੋਂ ਪਹਿਲਾਂ ਇਹ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਕਿਹੜੇ ਰਾਸ਼ਟਰੀ ਉਦੇਸ਼ ਪ੍ਰਾਪਤ ਕਰਨੇ ਹਨ। ਉਦੇਸ਼ਹੀਨ ਜੰਗ ਦੋਹਾਂ ਤਰਫ਼ਾਂ ਦੇ ਭਾਰੀ ਨੁਕਸਾਨ ਅਤੇ ਬਰਬਾਦੀ ਦਾ ਕਾਰਨ ਹੁੰਦੀ ਹੈ। ਇਸ ਲਈ ਉਦੇਸ਼ ਭਲੀ ਭਾਂਤ ਰੂਪ ਵਿੱਚ ਚੁਣਿਆ ਅਤੇ ਨਿਯਮਬੱਧ ਹੋਣਾ ਚਾਹੀਦਾ ਹੈ। ਫੁੱਲਰ (Fuller) ਨੇ ਬਹੁਤ ਠੀਕ ਕਿਹਾ ਹੈ, ''ਉਦੋਂ ਤੱਕ ਕੋਈ ਜੰਗ ਸ਼ੁਰੂ ਨਹੀਂ ਕੀਤੀ ਜਾਣੀ ਚਾਹੀਦੀ ਜਦੋਂ ਤਕ ਕਿ ਇਸ ਪ੍ਰਸ਼ਨ ਦਾ ਉੱਤਰ ਨਾ ਮਿਲ ਜਾਵੇ ਕਿ ਕੀ ਪ੍ਰਾਪਤ ਕੀਤਾ ਜਾਣਾ ਹੈ.....ਇਸ ਲਈ ਸਿਧਾਂਤ ਦੀ ਇਹ ਮੰਗ ਹੈ ਕਿ ਹਰ ਜੰਗ ਦਾ ਆਰੰਭ, ਉਸ ਦਾ ਢਾਂਚਾ ਅਤੇ ਰੂਪ–ਰੇਖਾਵਾਂ ਰਾਜਨੀਤਿਕ ਹਾਲਤਾਂ ਅਤੇ ਉਨ੍ਹਾਂ ਦੇ ਸੰਬੰਧਾਂ, ਜੋ ਕਿ ਜੰਗ ਵਿੱਚ ਹਿੱਸਾ ਲੈਣ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ, ਦੇ ਅਨੁਸਾਰ ਉਲੀਕਿਆ ਜਾਵੇ। Sherman ਨੇ ਇੱਕ ਵਾਰ ਵਿਸ਼ੇਸ਼ ਸ਼ਬਦਾਂ ਵਿੱਚ ਕਿਹਾ ਸੀ, ''ਜੰਗ ਦਾ ਨਿਸ਼ਾਨਾ ਮਜ਼ਬੂਤ ਸ਼ਾਂਤੀ ਨੂੰ ਸਥਾਪਿਤ ਕਰਨਾ ਹੁੰਦਾ ਹੈ। Clausewitz ਅਨੁਸਾਰ ਜੰਗ ਦਾ ਮੂਲ ਉਦੇਸ਼ ਦੁਸ਼ਮਣ ਨੂੰ ਆਪਣੀ ਮਰਜ਼ੀ ਅੱਗੇ ਝੁਕਾਉਣਾ ਹੈ। ਰਾਸ਼ਟਰ ਦੇਆਦਰਸ਼ਾਂ ਅਤੇ ਉਦੇਸ਼ਾਂ ਅਨੁਸਾਰ ਜੰਗ ਦੇ ਤਰੀਕਿਆਂ ਵਿੱਚ ਵੀ ਫਰਕ ਹੁੰਦਾ ਹੈ। ਜੇ ਕਰ ਰਾਸ਼ਟਰੀ ਨੀਤੀ ਮਹਾਨ ਅਤੇ ਮਜ਼ਬੂਤ ਹੈ ਤਾਂ ਜੰਗ ਵੀ ਇਹੋ ਜਿਹੀ ਹੀ ਹੋਵੇਗੀ।

ਰਾਸ਼ਟਰੀ ਨੀਤੀ ਦੀਆਂ ਆਮ ਧਾਰਨਾਵਾਂ ਦੇ ਨਾਲ ਜੰਗ ਦੀਆਂ ਘਟਨਾਵਾਂ ਦਾ ਵੀ ਵਿਕਾਸ ਹੁੰਦਾ ਹੈ, ਜਦੋਂ ਤੱਕ ਉਦੇਸ਼ ਨੂੰ ਪ੍ਰਾਪਤ ਨਹੀਂ ਕਰ ਲਿਆ ਜਾਂਦਾ ਜੰਗ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਸ ਲਈ ਰਾਸ਼ਟਰੀ ਨੀਤੀ ਦੇ ਅਨੁਸਾਰ ਮੁੱਖ ਉਦੇਸ਼ ਨੂੰ ਸਹੀ ਦਿਸ਼ਾ ਵਿੱਚ ਰੱਖਣਾ ਚਾਹੀਦਾ ਹੈ। ਜਿਵੇਂ ਕਿ ਨੀਤੀ ਜੰਗ ਦਾ ਐਲਾਨ ਕਰਦੀ ਹੈ, ਇਸ ਲਈ ਜੰਗ ਵਰਤਿਆ ਜਾਣ ਵਾਲਾ ਇੱਕ ਹਥਿਆਰ ਹੈ। ਇਸ ਲਈ ਰਾਜਨੀਤਿਕ ਵਿਚਾਰ ਉੱਚਤਮ ਹੈ ਅਤੇ ਇਸ ਨੂੰ ਫੌਜੀ ਵਿਚਾਰ ਤੋਂ ਕਦੇ ਵੀ ਨੀਵਾਂ ਨਹੀਂ ਸਮਝਣਾ ਚਾਹੀਦਾ। ਇਹ ਨੀਤੀ ਅਧੀਨ ਹੈ ਕਿ ਉਹ ਫੌਜ ਦੀਆਂ ਘਟਨਾਵਾਂ ਤੇ ਵਿਕਾਸ ਤੇ ਨਜ਼ਰ ਰੱਖੇ ਅਤੇ ਮੂਲ ਉਦੇਸ਼ਾਂ ਦੀ ਪ੍ਰਾਪਤੀ ਲਈ ਨਿਸ਼ਚਿਤ ਜੰਗ ਦਾ ਨਿਰਦੇਸ਼ ਅਤੇ ਉਨ੍ਹਾਂ ਨੂੰ ਅਪਨਾਉਣ ਦਾ ਫੈਸਲਾ ਦੇਵੇ। ਜੇਕਰ ਨੀਤੀ, ਜੰਗ ਦੇ ਢੰਗ, ਉਸਦੇ ਤਰੀਕੇ ਅਤੇ ਘਟਨਾਵਾਂ ਦੇ ਠੀਕ ਫੈਸਲੇ ਵਿੱਚ ਅਸਫ਼ਲ ਹੁੰਦੀ ਹੈ ਤਾਂ ਨਤੀਜਾ ਤਬਾਹੀ ਵਾਲਾ ਹੋ ਸਕਦਾ ਹੈ। ਇਸ ਲਈ ਕਈ ਵਾਰ ਨੀਤੀ ਦੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੇ ਵਿੱਚ ਲੋੜ ਅਨੁਸਾਰ ਤਬਦੀਲੀ ਲਿਆਵੇ ਜਿਸ ਨਾਲ ਯੁੱਧ ਕਲਾ ਵਿੱਚ ਅੰਤਰ ਵੀ ਆ ਜਾਵੇਗਾ। ਇਸ ਲਈ ਜੰਗ ਅਤੇ ਨੀਤੀ ਵੱਖ–ਵੱਖ ਨਹੀਂ ਕੀਤੀਆਂ ਜਾ ਸਕਦੀਆਂ। ਦੂਜੇ ਪਾਸੇ ਇਨ੍ਹਾਂ ਦਾ ਅੰਤਰ ਸੰਬੰਧ ਹੋਰ ਗੂੜ੍ਹਾ ਨਹੀਂ ਕੀਤਾ ਜਾ ਸਕਦਾ। ਇਸ ਲਈ ਜੰਗ ਰਾਸ਼ਟਰੀ ਨੀਤੀ ਦਾ ਇਕ ਹਥਿਆਰ ਹੈ। ਇਹ ਜ਼ਰੂਰੀ ਹੈ ਕਿ ਜੰਗ ਵਿੱਚ ਨੀਤੀ ਵਾਲੇ ਗੁਣ ਹੋਣੇ ਚਾਹੀਦੇ ਹਨ ਕਿਉਂਕਿ ਇਹ ਆਪ ਹੀ ਨੀਤੀ ਹੈ। ਛੋਟੀ ਤੋਂ ਛੋਟੀ ਗੱਲ ਨੂੰ ਵਿਚਾਰੇ ਬਿਨਾਂ ਨੀਤੀ ਵਿੱਚ ਆਪਣਾ ਪਹਿਲਾ ਕਦਮ ਨਹੀਂ ਚੁੱਕਣਾ ਚਾਹੀਦਾ। ਦੋਹਾਂ ਤਰਫ਼ਾਂ ਦੇ ਰਾਜਨੀਤਿਕ ਆਦਰਸ਼ਾਂ ਨੂੰ ਤਾਕਤਾਂ, ਸਥਿਤੀਆਂ ਅਤੇ ਸਾਡੇ ਦੋਨਾ ਪਾਸਿਆਂ ਤੇ ਜੰਗ ਦੇ ਪ੍ਰਭਾਵਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਜਾਂਚ ਲੈਣਾ ਚਾਹੀਦਾ ਹੈ ਤਾਂ ਕਿ ਰਾਸ਼ਟਰੀ ਨੀਤੀ ਜੰਗ ਨੂੰ ਇੱਕ ਹਥਿਆਰ ਬਨਾਉਣ ਵਿੱਚ ਸਫ਼ਲ ਹੋ ਸਕੇ। ਠੀਕ ਅਤੇ ਗਲਤ ਨੀਤੀਆਂ ਦੇ ਅਧਿਐਨ ਲਈ ਫਰਾਂਸ ਦੀ ਕ੍ਰਾਂਤੀ ਬਹੁਤ ਵਧੀਆ ਉਦਾਹਰਣ ਹੈ। ਸਰਕਾਰ ਦੀ ਨੀਤੀ ਫਰਾਂਸ ਵਿੱਚ ਫੈਲੀਆਂ ਹੋਈਆਂ, ਫੌਜਾਂ ਦੀ ਤਾਕਤ ਦਾ ਠੀਕ ਅੰਦਾਜ਼ਾ ਲਗਾਉਣ ਅਤੇ ਦੂਜੇ ਮੁੱਹਈਆਂ ਹੋਏ ਸਾਧਨਾਂ

2."War is to be regarded not as an independent thing, but as a political instrument." Clausewitz

ਤੋਂ ਠੀਕ ਕੰਮ ਲੈਣ ਦੇ ਫੈਸਲੇ ਵਿੱਚ ਫੇਲ੍ਹ ਹੋ ਗਈ, ਇਸ ਲਈ ਉਹ ਉਨ੍ਹਾਂ ਨੀਤੀਆਂ ਦਾ ਠੀਕ ਅਨੁਮਾਨ ਨਾ ਲਗਾ ਸਕੇ। ਸਰਕਾਰਾਂ ਦੀਆਂ ਇਹ ਗਲਤ ਨੀਤੀਆਂ ਹੀ ਅਸਲ ਵਿੱਚ ਕ੍ਰਾਂਤੀ ਦੀ ਜਿੱਤ ਲਈ ਜ਼ਿੰਮੇ ਵਾਰ ਹਨ। ਦੂਜੇ ਪਾਸੇ ਫ੍ਰਾਂਸ ਦੀ ਕ੍ਰਾਂਤੀ ਨੇ ਠੀਕ ਮੁਲਾਂਕਣ ਕੀਤਾ ਅਤੇ ਦੂਜੇ ਸਾਧਨ ਜੋ ਮੁਹੱਈਆ ਸਨ, ਨੂੰ ਵਰਤਿਆ ਅਤੇ ਜੰਗ ਨੂੰ ਜਾਰੀ ਰੱਖਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ। Quincy Wright ਨੇ ਸਮੁੱਚੇ ਰੂਪ ਵਿੱਚ ਜੰਗ, ਰਾਜਨੀਤੀ ਅਤੇ ਨੀਤੀ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਲਿਖਿਆ, ਇੱਕ ਦਲ ਦੀ ਨੀਤੀ ਦੇ ਰਸਤੇ ਵਿੱਚੋਂ ਰਾਜਨੀਤਿਕ ਰੁਕਾਵਟ ਨੂੰ ਹਟਾਉਣ ਲਈ ਅਸਰਦਾਰ ਹਿੰਸਕ ਸਾਧਨਾਂ ਦੀ ਵਰਤੋਂ ਹੀ ਜੰਗ ਕਹੀ ਜਾ ਸਕਦੀ ਹੈ। ਜਦੋਂ ਰਾਜਨੀਤਿਕ ਅੜਚਣਾ ਆਉਣ ਤੇ ਮੁਹਰੋ ਨਾ ਹੱਟਣ ਤਾਂ ਜੰਗ ਹੀ ਕੇਵਲ ਇੱਕ ਨੀਤੀ ਰਹਿ ਜਾਂਦੀ ਹੈ, ਆਧੁਨਿਕ ਸਮਾਜ ਦੇ ਕਈ ਮਾਨਵ ਦਲਾਂ ਦੁਆਰਾ ਜੰਗ ਨੂੰ ਰਾਜਨੀਤੀ ਦਾ ਇੱਕ ਉੱਚਿਤ ਹਥਿਆਰ ਮੰਨਿਆ ਗਿਆ ਹੈ।

### 1.3.5 ਸਵੈ–ਅਭਿਆਸ ਪ੍ਰਸ਼ਨ

1. ਯੁੱਧ ਅਤੇ ਨੀਤੀ ਤੇ ਇੱਕ ਨੋਟ ਲਿਖੋ।

2. ਯੁੱਧ ਅਤੇ ਰਾਸ਼ਟਰੀ ਉਦੇਸ਼ ਬਾਰੇ ਸੰਖੇਪ ਵਿੱਚ ਲਿਖੋ।

### 1.3.6 ਹਥਿਆਰ ਦੇ ਰੂਪ ਵਿੱਚ ਜੰਗ ਦੀ ਉਪਯੋਗਤਾ (Utility of War as an Instrument)

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜ ਅਤੇ ਰਾਸ਼ਟਰ ਜੰਗ ਨੂੰ ਆਪਣਾ ਹੱਕ ਸਮਝ ਕੇ ਉਸ ਵਿੱਚ ਉਲਝੇ ਹੋਏ ਹਨ। ਜ਼ਾਹਿਰ ਹੈ ਕਿ ਜੰਗ ਨੇ ਆਪਣੇ ਕੰਮ ਇੰਨੀ ਖੂਬੀ ਨਾਲ ਨਿਭਾਏ ਹਨ ਕਿ ਰਾਸ਼ਟਰ ਇਸ ਨੂੰ ਆਪਣੀ ਨੀਤੀ ਦੀ ਹਥਿਆਰ ਦੇ ਤੌਰ ਤੇ ਤਿਆਗਣ ਲਈ ਤਿਆਰ ਨਹੀਂ ਕਈ ਇਹ ਮਹਿਸੂਸ ਕਰਦੇ ਹਨ ਕਿ ਜੰਗ ਬਿਲਕੁੱਲ ਹੀ ਬੇਕਾਰ ਹੈ ਕਿਉਂਕਿ ਜੰਗ ਕਰਨ ਵਾਲੇ ਨੂੰ ਇਸ ਵਿੱਚੋਂ ਬਿਲਕੁਲ ਹੀ ਕੁਝ ਹਾਸਲ ਨਹੀਂ ਹੁੰਦਾ। (Millard Warrer) ਲਿਖਦਾ ਹੈ, ''ਸਭ ਤੋਂ ਬਦਕਿਸਮਤ ਗੱਲ ਜੰਗ ਬਾਰੇ ਇਹ ਹੈ ਕਿ ਇਸ ਨਾਲ ਕੁਝ ਵੀ ਸੰਵਰਦਾ ਨਹੀਂ, ਸਾਰੇ ਹੀ ਪ੍ਰਯਤਨ ਜੋ ਇਸ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ ਬੇ-ਅਰਥ ਚਲੇ ਜਾਂਦੇ ਹਨ। ਸਭ ਕੁਰਬਾਨੀਆਂ ਬੇਕਾਰ ਚਲੀਆਂ ਜਾਂਦੀਆਂ ਹਨ ਕਿਉਂਕਿ ਜਿਸ ਮੰਤਵ ਲਈ ਰਾਸ਼ਟਰਾਂ ਵਿਚਕਾਰ ਜੰਗ ਹੁੰਦੀ ਹੈ ਉਹ ਮੰਤਵ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ, ਕਿਉਂਕਿ ਜੰਗ ਕੋਈ ਫੈਸਲਾ ਨਹੀਂ ਕਰ ਸਕਦੀ।''[3] ਦੂਜੇ ਪਾਸੇ ਦੇ ਤੱਤ ਇਸ ਵਿਵਾਦ ਦਾ ਖੰਡਨ ਕਰਦੇ ਹਨ ਅਤੇ ਇਹ ਸਿੱਧ ਕਰਦੇ ਹਨ ਕਿ ਜੰਗ ਨੇ ਹਮੇਸ਼ਾਂ ਹੀ ਫਾਇਦਾ ਪਹੁੰਚਾਇਆ ਹੈ। ਭਾਵੇਂ ਜੰਗ ਦੀ ਵਿਰੋਧਤਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਵਹਿਸ਼ੀ, ਮਾਨਵਤਾ ਵਿਰੋਧੀ, ਇਨਸਾਨੀ ਜ਼ਿੰਦਗੀਆਂ ਅਤੇ ਵਸਤਾਂ ਲਈ ਤਬਾਹੀ ਅਤੇ ਮੂਰਖਤਾ ਪੂਰਣ ਹੋ ਨਿਬੜਦੀ ਹੈ। ਪਰੰਤੂ ਫਿਰ ਵੀ, ਇਸ ਗੱਲ ਨੂੰ ਅੱਖੋ. ਪਰੋਖੇ ਨਹੀਂ ਕੀਤਾ ਜਾ ਸਕਦਾ ਤੇ ਇਸ ਨੂੰ ਅਜਿਹੇ ਕੰਮ ਵੀ ਦਿੱਤੇ ਜਾਂਦੇ

3."The most unfortunate thing about war is that it accomplishes nothing, all the efforts that go into are wasted; all its sacrifices are in vain. The issues between the nations, over which they go to war, still remains after the war is done. War does not settle anything." Millard Warrer

ਹਨ ਜਿਹੜੇ ਕਿ ਸਮਾਜਿਕ ਪੱਖ ਤੋਂ ਜ਼ਰੂਰੀ ਹਨ ਅਤੇ ਜਿਨ੍ਹਾਂ ਦੇ ਹੱਲ ਲਈ ਕੋਈ ਰਸਤਾ ਸਾਹਮਣੇ ਨਹੀਂ ਸੀ। ਜੰਗ ਨੇ ਉਹ ਯੋਗਦਾਨ ਪਾਇਆ ਹੈ ਜੋ ਦੂਜਾ ਸਾਧਨ ਜਾਂ ਹਥਿਆਰ ਨਹੀਂ ਦੇ ਸਕਿਆ। ਇਸ ਲਈ ਜੰਗ ਹੁਣ ਤੱਕ ਆਪਣੀ ਉਪਯੋਗਤਾ ਕਾਰਣ ਕਾਇਮ ਹੈ। Eagleton ਲਿਖਦਾ ਹੈ ''ਸਦੀਆਂ ਤੋ. ਝਗੜਿਆਂ ਦੀ ਬੇਇਨਸਾਫ਼ੀ ਕਾਰਨ ਪੂਰਣ ਹਾਲਤ ਨੂੰ ਸੁਲਝਾਉਣ ਲਈ, ਠੀਕ ਰਸਤੇ ਸਥਾਪਿਤ ਕਰਨ ਲਈ ਜੰਗ ਨੂੰ ਸਿਧਾਂਤ ਦੇ ਤੌਰ ਤੇ ਵਰਤਿਆ ਜਾਂਦਾ ਰਿਹਾ ਹੈ।''

ਭਾਵੇਂ ਜੰਗ ਹਮਲੇ ਸਮੇਂ ਖ਼ੁੱਦ ਇੱਕ ਹਥਿਆਰ ਦਾ ਕੰਮ ਕਰ ਰਹੀ ਹੁੰਦੀ ਹੈ ਫਿਰ ਵੀ ਵਿਰੋਧੀ ਹਮਲਿਆਂ ਦੇ ਵਿਰੁੱਧ ਇਸ ਨੂੰ ਇੱਕ ਹਥਿਆਰ ਦੇ ਤੌਰ ਤੇ ਬਹੁਤ ਸਫ਼ਲਤਾ ਨਾਲ ਵਰਤਿਆ ਗਿਆ ਹੈ। ਜ਼ੁਲਮ ਦਾ ਮੁਕਾਬਲਾ ਤਾਕਤ ਨਾਲ ਕੀਤਾ ਗਿਆ ਹੈ Professor Shotwell ਨੇ ਲਿਖਿਆ ਹੈ ਕਿ ''ਇਸ ਤਰ੍ਹਾਂ ਜੰਗ ਦੇ ਇਤਿਹਾਸ ਵਿੱਚ ਜ਼ੁਲਮ ਦੇ ਵਿਰੁੱਧ ਅਣਗਿਣਤ ਉਦਾਹਰਣ ਅਸੀਂ ਦੇਖ ਸਕਦੇ ਹਾਂ ਜਿਵੇ ਂ ਅਮਰੀਕਨ ਕ੍ਰਾਂਤੀ, ਫਰਾਂਸੀਸੀ ਕ੍ਰਾਂਤੀ, ਲੈਟਿਨ ਅਮਰੀਕਾ ਦੀਆਂ ਆਜ਼ਾਦੀ ਦੀਆਂ ਲੜਾਈਆਂ ਅਮਰੀਕਾ ਦੀ ਘਰੇਲੂ ਜੰਗ, ਬਲਕਾਨ ਜੰਗਾਂ, ਸਪੇਨ ਅਤੇ ਅਮਰੀਕਾ ਦੀ ਜੰਗ ਆਦਿ, ਸਪਸ਼ਟ ਹੈ ਕਿ ਜੰਗ ਨੇ ਕੇਵਲ ਬੁਰਾਈ ਹੀ ਨਹੀਂ ਪੈਦਾ ਕੀਤੀ ਬਲਕਿ ਚੰਗਿਆਈਆਂ ਵੀ ਪੈਦਾ ਕੀਤੀਆਂ ਹਨ।

ਸਮਾਜਵਾਦੀਆਂ ਨੇ ਸਾਮਰਾਜਵਾਦੀਆਂ ਨੂੰ ਖਦੇੜਨ ਅਤੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਝਗੜੇ ਅਤੇ ਕ੍ਰਾਂਤੀ ਨੂੰ ਇੱਕ ਰਸਤੇ ਦੇ ਰੂਪ ਵਿੱਚ ਪਹਿਲਾਂ ਹੀ ਭਾਂਪ ਲਿਆ ਸੀ। ਸਟਾਲਿਨ ਨੇ ਸਾਮਰਾਜਵਾਦ ਦੀਆਂ ਜੜ੍ਹਾਂ ਪੁੱਟਣ ਦੀ ਪਹਿਲਾਂ ਹੀ ਕ੍ਰਾਂਤੀ ਦੀ ਭਵਿੱਖਬਾਣੀ ਕਰ ਦਿੱਤੀ ਸੀ, ਸਮਾਜਵਾਦੀਆਂ ਨੇ ਜੰਗ ਨੂੰ ਟੀਚੇ ਹਾਸਲ ਕਰਨ ਦਾ ਇੱਕ ਮਹੱਤਵਪੂਰਣ ਸਾਧਨ ਮੰਨਿਆ ਹੈ ਕਿ ਕਿਸੇ ਕਾਰਨ ਜੰਗ ਰੋਕੀ ਨਹੀਂ ਜਾ ਸਕਦੀ। ਸੋਵੀਅਤ ਰੀਪਬਲਿਕ ਅਤੇ ਬੁਰਜੂਆ ਰਾਜਾਂ ਵਿੱਚ ਹੋਈ ਝੜਪ ਲੈਨਿਨ ਦੇ ਅਨੁਸਾਰ ਇਹ ਇੱਕ ਬਹੁਤ ਵੱਡਾ ਸੰਘਰਸ਼ ਸੀ। ਮਾਉ–ਸੇ–ਤੁੰਗ ਲਿਖਦਾ ਹੈ, ''ਮੁੱਖ ਕਾਰਜ ਅਤੇ ਕ੍ਰਾਂਤੀ ਦੀ ਸਭ ਤੋਂ ਉਚੀ ਵਿਧੀ ਰਾਜਨੀਤਿਕ ਤਾਕਤ ਨੂੰ ਜ਼ੋਰ ਨਾਲ ਹਥਿਆਉਣਾ ਹੈ। ਸਮੱਸਿਆਂ ਨੂੰ ਜੰਗ ਦੁਆਰਾ ਸੁਲਝਾਉਣਾ......ਰਾਜਨੀਤਿਕ ਤਾਕਤ ਕੇਵਲ ਤੋਪਾਂ ਵਿੱਚੋਂ ਹੀ ਉਭਰਦੀ ਹੈ। ਅਸੀਂ ਵੀ ਜੰਗ ਦੀ ਕ੍ਰਾਂਤੀਕਾਰੀ ਸ਼ਕਤੀਮਾਨਤਾ ਨੂੰ ਮੰਨਦੇ ਹਾਂ ਕਿਉਂਕਿ ਇਹ ਬੁਰੀ ਨਹੀਂ ਹੈ ਸਗੋਂ ਚੰਗੀ ਵੀ ਹੈ ਕਿਉਂਕਿ ਇਹ ਸਾਮਰਾਜਵਾਦੀ ਹੈ–ਸਾਰੀ ਦੁਨੀਆਂ ਤੋਪਾਂ ਨਾਲ ਸ਼ਿੰਗਾਰੀ ਹੋਣੀ ਚਾਹੀਦੀ ਹੈ।''

ਉਪਰੋਕਤ ਸਾਰਾ ਸਿਧਾਂਤ ਜੰਗ ਦੇ ਦੋਨਾਂ ਹੀ ਤਰ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਂਦਾ ਹੈ। ਅਜਿਹੀਆਂ ਕਈ ਸਮਸਿਆਵਾਂ ਹੋ ਸਕਦੀਆਂ ਹਨ, ਜਿਨ੍ਹਾਂ ਦਾ ਇਕੋ ਇੱਕ ਹੱਲ ਜੰਗ ਹੋਵੇ। ਗੁਰਬਤ, ਦੀਨਤਾ, ਤੰਗੀ, ਅਸਹਿਨਸ਼ੀਲਤਾ ਅਤੇ ਜ਼ੁਲਮ ਤੋਂ ਛੁਟਕਾਰਾ ਪਾਉਣ ਦਾ ਇਕੋ ਹੀ ਹਲ ਜੰਗ ਕਿਹਾ ਜਾ ਸਕਦਾ ਹੈ। ਕਈਆਂ ਵਾਸਤੇ ਆਪਣੇ ਘਰ ਜ਼ਮੀਨਾਂ ਅਤੇ ਆਜ਼ਾਦੀ ਵਾਪਸ ਲੈਣ ਲਈ ਇਕੋ ਇੱਕ ਸਾਧਨ ਜੰਗ ਹੁੰਦੀ ਹੈ। ਰਾਸ਼ਟਰੀਵਾਦੀਆਂ ਨੂੰ ਆਪਣੀ ਜਨਮ ਭੂਮੀ ਵਿੱਚ ਵੜਨ ਦੀ ਆਸ ਸਿਰਫ਼ ਇਸ ਗੱਲ ਵਿੱਚ ਹੀ ਦਿਸਦੀ ਹੈ ਕਿ ਕਦੋਂ ਸਾਮਰਾਜਵਾਦੀ ਚੀਜ਼ ਕਿਸ ਵੱਡੀ ਤਾਕਤ ਵਿਰੁੱਧ ਮਹਾਨ ਜੰਗ ਵਿੱਚ ਉਲਝ ਜਾਵੇ। ਇਤਿਹਾਸ ਇਸ ਦਾ ਗਵਾਹ ਹੈ ਕਿ ਹਮੇਸ਼ਾਂ ਹੀ ਆਪਣੀਆਂ ਮੰਗਾਂ ਨੂੰ ਪੂਰਾ ਕਰਨ ਲਈ ਜੰਗ ਹੀ ਅੰਤਮ ਸਾਧਨ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਮੇਸ਼ਾਂ ਹੀ ਜੰਗ ਨੇ ਬਹੁਤ ਗੱਲਾਂ ਨੂੰ ਠੀਕ ਕਰਨ ਲਈ ਆਪਣੀ ਭੂਮਿਕਾ ਨਿਭਾਈ ਹੈ। Professor Shotwell ਲਿਖਦਾ ਹੈ, ''ਜੰਗ ਉਹ ਹਥਿਆਰ ਹੈ ਜਿਸ ਰਾਹੀਂ ਰਾਜਨੀਤਿਕ ਰਾਸ਼ਟਰੀ ਇਤਿਹਾਸ ਦੇ ਤੱਤਾਂ ਨੂੰ ਸਥਾਪਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਕਾਇਮ ਰੱਖਿਆ ਗਿਆ। ਲਗਭਗ ਹਰ ਰਾਜਨੀਤਿਕ ਸੰਕਟ ਸਮੇਂ ਇਸ ਨੇ ਅਸਰਦਾਰ ਭੂਮਿਕਾ ਨਿਭਾਈ ਹੈ। ਆਜ਼ਾਦੀ ਹਾਸਲ ਕਰਨ ਸਮੇਂ ਵੀ ਇਸ ਦੀ ਮਦਦ ਲਈ ਗਈ ਅਤੇ ਇਸ ਆਜ਼ਾਦੀ ਅਤੇ ਗਣਤੰਤਰ ਨੂੰ ਦੁਸ਼ਮਣਾਂ ਤੋਂ ਬਚਾਉਣ ਲਈ ਵੀ ਇਸ ਦੀ ਵਰਤੋਂ ਕੀਤੀ ਗਈ। ਆਧੁਨਿਕ ਸੰਸਾਰ ਦਾ ਨਕਸ਼ਾ ਜ਼ਿਆਦਾ ਕਰਕੇ ਜੰਗਾਂ ਰਾਹੀਂ ਹੀ ਨਿਰਧਾਰਿਤ ਕੀਤਾ ਗਿਆ ਹੈ ਪਹਿਲਾਂ ਵੀ ਤੇ ਹੁਣ ਵੀ ਸਭਿਅਤਾ ਦੀ ਸੰਭਾਲ ਥਲ ਅਤੇ ਜਲ ਸੈਨਾਵਾਂ, ਆਸਰੇ ਤੇ ਨਿਰਭਰ ਹੈ ਜੋ ਕਿਧਰੇ ਵੀ ਖ਼ਤਰੇ ਦਾ ਡਰ ਹੁੰਦੇ ਹੀ ਲੜਨ ਲਈ ਤਿਆਰ ਖੜੀਆਂ ਹੁੰਦੀਆਂ ਹਨ।''

ਇਹ ਭਲੀਭਾਂਤ ਉਜਾਗਰ ਹੈ ਕਿ ਆਧੁਨਿਕ ਸੰਸਾਰ ਵਿੱਚ ਮਹਾਨ ਰਾਜ ਜਿਵੇਂ ਚੀਨ, ਇੰਗਲੈਂਡ, ਜਾਪਾਨ, ਫਰਾਂਸ, ਰੂਸ, ਸਪੇਨ ਅਤੇ ਅਮਰੀਕਾ ਆਦਿ ਜੰਗਾਂ ਤੇ ਨਤੀਜੇ ਵਜੋਂ ਹੀ ਹੋਂਦ ਵਿੱਚ ਆਏ ਹਨ। ਉਨ੍ਹਾਂ ਨੇ ਆਪਣੀ ਖੇਤਰੀ ਸਵਤੰਤਰਤਾ ਜੰਗ ਦੁਆਰਾ ਹੀ ਪ੍ਰਾਪਤ ਕੀਤੀ। ਆਪਣੀ ਸਭਿਅਤਾ ਅਤੇ ਇਸਾਈ ਧਰਮ ਨੂੰ ਦੂਰ ਦੇਸ਼ਾਂ ਤੱਕ ਫੈਲਾਉਣ ਲਈ ਜੰਗੀ ਜਿੱਤਾਂ ਨੂੰ ਸਾਧਨ ਦੇ ਤੌਰ ਤੇ ਵਰਤਿਆ ਗਿਆ। ਮਜ਼ਬੂਤ ਜਲ ਸੈਨਾ (Navy) ਦੂਜੇ ਦੇਸ਼ਾਂ ਵਿੱਚ ਆਪਣੀਆਂ ਵਪਾਰਕ ਮੰਡੀਆਂ ਸਥਾਪਤ ਕਰਨ ਲਈ ਇੱਕ ਵਸੀਲਾ ਹੈ। ਤਕਨੀਕੀ ਪ੍ਰਗਤੀ ਦੇ ਸਿੱਟੇ ਵੱਜੋਂ ਉਦਯੋਗਿਕ ਉਤਪਾਦਨ ਲਈ ਕੱਚੇ ਮਾਲ ਦੀ ਜ਼ਰੂਰਤ ਨੂੰ ਤਾਕਤ ਰਾਹੀਂ ਪੂਰਾ ਕੀਤਾ ਗਿਆ। Palmer ਅਤੇ Perkins ਨੇ ਬਹੁਤ ਠੀਕ ਕਿਹਾ ਹੈ, ''ਆਧੁਨਿਕ ਸੰਸਾਰ ਦਾ ਪ੍ਰਮੁੱਖ ਜਨਮਦਾਤਾ ਜੰਗ ਹੈ ਇਸ ਦੇ ਰਾਜ, ਇਸ ਦੇ ਕਾਰਖਾਨਿਆਂ, ਨੈਤਿਕ ਅਤੇ ਸਾਹਿਤਕ ਢਾਂਚੇ -ਮਨੁੱਖ ਜਿਸ ਹਥਿਆਰ ਨੂੰ ਜਾਣਦਾ ਉਹ ਜੰਗ ਸੀ ਅਤੇ ਇਸ ਦੀ ਵਰਤੋਂ ਨੇ ਸਾਨੂੰ ਆਧੁਨਿਕ ਕੀਤਾ ਹੈ।'' Quincy Wright ਇਸ ਨੂੰ ਸਾਬਤ ਕਰਦਿਆਂ ਲਿਖਦਾ ਹੈ, ''ਜੰਗ ਇੱਕ ਐਸਾ ਤਰੀਕਾ ਸੀ ਜੋ ਅਸਲ ਵਿੱਚ ਆਧੁਨਿਕ ਸੰਸਾਰ ਵਿੱਚ ਵੱਡੇ ਰਾਜਨੀਤਿਕ ਪ੍ਰੀਵਰਤਨਾਂ ਦੀ ਜਿੱਤ, ਰਾਜਾਂ ਦੀ ਨਿਰਮਾਣ ਆਧੁਨਿਕ ਸਭਿਅਤਾ ਦੇ ਫੈਲਾਅ ਅਤੇ ਸਭਿਅਤਾ ਵਿੱਚ ਅਸਰਦਾਰ ਪ੍ਰਭਾਵ ਲਈ ਵਰਤਿਆ ਜਾਂਦਾ ਸੀ। ''

## 1.3.7 ਨੀਤੀ ਦੇ ਸਾਧਨ ਦੇ ਰੂਪ ਵਿੱਚ ਜੰਗ ਦਾ ਭਵਿੱਖ (Future of War as an Instrument of Policy)

ਜੰਗ ਨੂੰ ਬਾਵਜੂਦ ਇਸ ਦੀਆਂ ਖੂਬੀਆਂ ਦੇ ਸਰਾਪ ਸਮਝਿਆ ਜਾਂਦਾ ਹੈ। ਕਈ ਵੱਡੀਆਂ ਤੇ ਖੂਨੀ ਜੰਗਾਂ ਹੋਈਆਂ ਜਿਨ੍ਹਾਂ ਵਿੱਚੋਂ ਕਈ ਬੇਅਰਥ ਗਿਣੀਆਂ ਜਾਂਦੀਆਂ ਹਨ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਜੰਗ ਦਾ ਕੋਈ ਲਾਭ ਨਹੀਂ। ਇਸ ਲਈ ਇਹ ਵਿਚਾਰਧਾਰਾ ਸਥਾਪਿਤ ਕੀਤੀ ਗਈ ਹੈ ਕਿ ਜਾਂ ਤਾਂ ਜੰਗ ਨੂੰ ਰੋਕਿਆ ਜਾਵੇ ਅਤੇ ਇਸ ਦੇ ਬਦਲੇ ਕੋਈ ਹੋਰ ਦੂਜੇ ਸਾਧਨ ਲੱਭੇ ਜਾਣ ਜਾਂ ਫਿਰ ਬਿਲਕੁਲ ਹੀ ਇਸ ਦਾ ਤਿਆਗ ਕਰ ਦਿੱਤਾ ਜਾਵੇ। Kellog Briand Pact, ਜੋ ਕਿ 1928 ਈ. ਵਿੱਚ ਪੈਰਿਸ ਵਿੱਚ ਹੋਇਆ ਅਤੇ ਇਸ ਉਪਰ 60 ਰਾਸ਼ਟਰਾਂ ਨੇ ਦਸਤਖਤ ਕੀਤੇ, ਅੰਤਰ-ਰਾਸ਼ਟਰੀ ਪੱਧਰ ਤੇ ਜੰਗ ਨੂੰ ਖ਼ਤਮ ਕਰਨ ਦਾ ਪਹਿਲਾ ਉਪਰਾਲਾ ਸੀ। ਇਸ ਨੇ ਅੰਤਰ ਰਾਸ਼ਟਰੀ ਝਗੜਿਆਂ ਦੇ ਹੱਲ ਲਈ ਜੰਗ ਕਰਨ ਦੀ ਨਿਖੇਧੀ ਕੀਤੀ ਅਤੇ ਜੰਗ ਨੂੰ ਹਥਿਆਰ ਦੇ ਰੂਪ ਵਿੱਚ ਵਰਤਣ ਤੋਂ ਵਰਜਿਆ, ਪਰੰਤੂ ਵਾਸਤਵ ਵਿੱਚ ਜੰਗ ਖ਼ਤਮ ਨਾ ਹੋ ਸਕੀ। ਇਸ ਸਮਝੌਤੇ ਵਿੱਚ ਛੋਟੇ ਛੋਟੇ ਝਗੜਿਆਂ ਨੂੰ ਵੀ ਨਿਬੇੜਨ ਦੀ ਸਮਰਥਾ ਨਹੀਂ ਸੀ ਜਿਸ ਕਾਰਣ ਇਸ ਨੂੰ ਹਮੇਸ਼ਾਂ ਹੀ ਉਨ੍ਹਾਂ ਸਭਨਾਂ ਵੱਲੋਂ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ ਜੋ ਜੰਗ ਦੇ ਚਾਹਵਾਨ ਸਨ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੰਗ ਨੂੰ ਕਾਗਜ਼ੀ ਕਾਨੂੰਨ ਰਾਹੀਂ ਕਦੀ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ। ਰਾਸ਼ਟਰ ਇਸ ਨੂੰ ਤਿਆਗਣ ਤੋ. ਹਿਚਕਚਾਉਂਦੇ ਹਨ ਕਿਉਂਕਿ ਉਹ ਇਸ ਨੂੰ ਰਾਸ਼ਟਰ ਨੀਤੀ ਦਾ ਇੱਕ ਆਵੱਸ਼ਕ ਹਥਿਆਰ ਮੰਨਦੇ ਹਨ। ਇਸ ਤਰ੍ਹਾਂ ਜੰਗ ਇੱਕ ਜ਼ਰੂਰੀ ਬੁਰਾਈ ਦੇ ਰੂਪ ਵਿੱਚ ਸਾਹਮਣੇ ਆਈ ਹੈ।

ਫਿਰ ਵੀ ਅਸੀਂ ਸਮੁੱਚੇ ਤੌਰ ਤੇ ਇਹ ਨਹੀਂ ਕਹਿ ਸਕਦੇ ਕਿ ਜੰਗ ਨੂੰ ਨੀਤੀ ਦੇ ਹਥਿਆਰ ਦੇ ਤੌਰ ਤੇ ਵਰਤਣ ਤੋਂ ਰੋਕਣ ਦੇ ਪ੍ਰਯਤਨ ਬਿਨਾਂ ਕਿਸੇ ਫਾਇਦੇ ਦੇ ਖ਼ਤਮ ਹੋ ਗਏ ਹਨ। ਪ੍ਰਮਾਣੂ ਹਥਿਆਰਾ ਦੇ ਵਿਕਾਸ ਦੇ ਨਾਲ ਜੋ ਕਿ ਇੱਕ ਘੰਟੇ ਵਿੱਚ ਕਿਸੇ ਦੇਸ਼ ਦੇ ਲੱਖਾਂ ਲੋਕਾਂ ਨੂੰ ਤਬਾਹ ਕਰ ਸਕਦੇ ਹਨ। ਜੰਗ ਦੀ ਵਿਨਾਸ਼ਕਾਰੀ ਸ਼ਕਤੀ ਬਹੁਤ ਵੱਧ ਗਈ ਹੈ। ਇਹ ਹਥਿਆਰ ਤੀਜੀ ਵੱਡੀ ਜੰਗ ਵਿੱਚ ਵਰਤੇ ਜਾ ਸਕਦੇ ਹਨ, ਪਰੰਤੂ ਉਸ ਤੋਂ ਬਾਅਦ ਨਹੀਂ। Dr. Albert Einstein ਨੇ ਇੱਕ ਵਾਰੀ ਕਿਹਾ ਸੀ, ''ਮੈਨੂੰ ਇਹ ਪਤਾ ਨਹੀਂ ਕਿ ਤੀਜੀ ਵੱਡੀ ਜੰਗ ਕਿਹੜੇ ਹਥਿਆਰਾਂ ਨਾਲ ਲੜੀ ਜਾਵੇਗੀ। ਪਰੰਤੂ ਮੈਂ ਤੁਹਾਨੂੰ

---

4. "I do not know the weapons with which world war third will be fought but I assure you that war fourth will be fought with sticks and stones." Dr.Albert Einstein.

ਵਿਸ਼ਵਾਸ ਦੁਆਂਦਾ ਹਾਂ ਕਿ ਚੋਥੀ ਵੱਡੀ ਜੰਗ ਛੜੀਆਂ ਤੇ ਪੱਥਰਾਂ ਨਾਲ ਲੜੀ ਜਾਵੇਗੀ''।[4]

ਜਿਨ੍ਹਾਂ ਕਾਰਨਾਂ ਕਰਕੇ ਲੜਾਈਆਂ ਲੜੀਆਂ ਜਾਂਦੀਆਂ ਹਨ, ਉਨ੍ਹਾਂ ਕਾਰਨਾਂ ਨੂੰ ਵੀ ਖ਼ਤਮ ਕਰਨਾ, ਪੈਦਾ ਹੋਣੋਂ ਰੋਕਣਾ ਚਾਹੀਦਾ ਹੈ ਤਾਂ ਕਿ ਹਮਲੇ ਦੀ ਰੁਚੀ, ਘਾਤਕ ਹਮਲੇ, ਬੇਇਨਸਾਫ਼ੀ, ਦੁਰਵਿਵਹਾਰ ਅਤੇ ਹੋਰ ਅਜਿਹੇ ਕਾਰਣ, ਜਿਨ੍ਹਾਂ ਕਾਰਣ ਜੰਗ ਹੁੰਦੀ ਹੈ ਨੂੰ ਖ਼ਤਮ ਕੀਤਾ ਜਾ ਸਕਦਾ ਹੈ, ਸ਼ਾਇਦ ਇਹ ਮੁਸ਼ਕਿਲ ਨਹੀਂ। Palmer ਅਤੇ Perkins ਲਿਖਦੇ ਹਨ, ''ਜੰਗ ਦੇ ਦਰਵਾਜ਼ੇ ਉਦੋਂ ਤੱਕ ਬੰਦ ਨਹੀਂ ਕੀਤੇ ਜਾ ਸਕਦੇ ਜਦੋਂ ਤੱਕ ਬੇ-ਇਨਸਾਫ਼ੀ ਦੇ ਦਰਵਾਜ਼ੇ ਵੀ ਬੰਦ ਨਾ ਕਰ ਦਿੱਤੇ ਜਾਣ।''

ਰਾਸ਼ਟਰ ਇਸ ਤਰ੍ਹਾਂ ਜੰਗ ਨੂੰ ਕਦੇ ਵੀ ਨੀਤੀ ਦੇ ਹਥਿਆਰ ਵਜੋਂ ਤਿਆਗ ਨਹੀਂ ਸਕਦੇ। ਇਸ ਦਾ ਹਲ ਇਹੋ ਜਾਪਦਾ ਹੈ ਕਿ ਜੰਗ ਦਾ ਰੂਪ ਛੋਟਾ ਅਤੇ ਇਨ੍ਹਾਂ ਦੀ ਗਿਣਤੀ ਘਟਾ ਦਿੱਤੀ ਜਾਵੇ। ਉਹ ਹਰ ਸੰਭਵ ਯਤਨ ਕੀਤੇ ਜਾਣ ਜਿਸ ਨਾਲ ਅੰਤਰ ਰਾਸ਼ਟਰੀ ਖਿਚਾਅ ਘਟੇ, ਹਥਿਆਰਬੰਦੀ ਨੂੰ ਉਤਸ਼ਾਹਤ ਨਾ ਕੀਤਾ ਜਾਵੇ। ਮਨੁੱਖੀ ਤਕਲੀਫ਼ਾਂ ਅਤੇ ਬੇਚੈਨੀ ਦੇ ਹੱਲ ਲਈ ਅੰਤਰਰਾਸ਼ਟਰੀ ਕਾਨੂੰਨ ਬਣਾਏ ਜਾਣੇ। ਇਹ ਕਦਮ ਜੰਗ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਜਦੋਂ ਤੱਕ ਕਿ ਇਸ ਤਰ੍ਹਾਂ ਦਾ ਚਮਤਕਾਰ ਨਹੀਂ ਹੋ ਜਾਂਦਾ ਉਦੋਂ ਤੱਕ ਜੰਗ ਨੂੰ ਨੀਤੀ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਰਹੇਗਾ। ਆਜ਼ਾਦੀ ਉਪਰੰਤ ਭਾਰਤ ਨੂੰ ਕਈ ਲੜਾਈਆਂ ਵਿੱਚ ਉਲਝਣਾ ਪਿਆ। ਅਰਬ–ਇਜ਼ਰਾਇਲ ਜੰਗ, ਭਾਰਤ–ਚੀਨ ਜੰਗ ਆਦਿ ਵਿੱਚ ਇਹ ਪ੍ਰਤਖ ਦਿਖਾਈ ਦਿੰਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਮੁਲਕਾਂ ਵੱਲੋਂ ਲੜਾਈ ਛੇੜੀ ਗਈ ਅਤੇ ਜੰਗ ਨੂੰ ਨੀਤੀ ਨੂੰ ਨੀਤੀ ਹਥਿਆਰ ਦੇ ਤੌਰ ਤੇ ਵਰਤਿਆ ਗਿਆ ਹੈ।

## 1.3.8 ਸਿੱਟਾ

ਰਾਜ ਦੀ ਨੀਤੀ ਦੇ ਇੱਕ ਸਾਧਨ ਵੱਜੋਂ ਯੁੱਧ ਸਰਕਾਰਾਂ ਦੁਆਰਾ ਆਪਣੇ ਰਾਜਨਿਤਿਕ, ਆਰਥਿਕ ਅਤੇ ਖੇਤਰੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਇੱਕ ਰਣਨੀਤਿਕ ਸਾਧਨ ਵੱਜੋਂ ਹਥਿਆਰਬੰਫ ਸੰਘਰਸ਼ ਦੀ ਵਰਤੋਂ ਨੂੰ ਦਰਸਾਉਂਦਾ ਹੈ। ਕਿਸੇ ਰਾਸ਼ਟਰ ਦੇ ਹਿੱਤਾਂ ਨੂੰ ਅੱਗੇ ਵਧਾਉਣ, ਦਬਦਬਾ ਕਾਇਮ ਕਰਨ ਅਤੇ ਸ਼ਕਤੀ ਦੇ ਵਿਸ਼ਵ ਸੰਤੁਲਨ ਨੂੰ ਬਦਲਣ ਇਹ ਪਹੁੰਚ ਇਤਿਹਾਸ ਭਰ ਵਿੱਚ ਵਰਤੀ ਗਈ ਹੈ। ਹਾਲਾਂਕਿ ਕੂਟ ਨੀਤੀ ਅਤੇ ਸ਼ਾਂਤੀਪੂਰਨ ਗਲਬਾਤ ਆਮ ਤੌਰ ਤੇ ਵਿਵਾਦਾਂ ਨੂੰ ਸੁਲਝਾਉਣ ਦੇ ਤਰਜੀਹੀ ਸਾਧਨ ਹਨ, ਯੁੱਧ ਨੂੰ ਨੀਤੀਗਤ ਸਾਧਨ ਵੱਜੋਂ ਵਰਤਨ ਦੀ ਧਾਰਨਾ ਦੇ ਮਹੱਤਵਪੂਰਨ ਇਤਿਹਾਸਕ ਅਤੇ ਨੈਤਿਕ ਪ੍ਰਭਾਵ ਹਨ।

## 1.3.9 ਵੱਡੇ ਪ੍ਰਸ਼ਨ

1. ਯੁੱਧ ਦੇ ਕਾਰਨ ਵਿਸਤਾਰ ਵਿੱਚ ਦੱਸੋ।
2. ਯੁੱਧ ਦੀ ਨੀਤੀ ਨੂੰ ਇੱਕ ਸਾਧਨ ਵੱਜੋਂ ਵਿਸਥਾਰ ਵਿੱਚ ਸਮਝਾਓ।

## 1.3.10 ਮੁੱਖ ਸ਼ਬਦ

ਜੰਗ ਅਤੇ ਨੀਤੀ : ਰਾਸ਼ਟਰੀ ਨੀਤੀ ਇੱਕ ਅਜਿਹੀ ਭੁੱਖ ਹੈ ਜਿਸ ਵਿੱਚ ਜੰਗ ਜਨਮਦੀ ਹੈ ਅਤੇ ਜਿਸ ਵਿੱਚ ਮੁੱਖ ਧਾਰਾਵਾਂ ਆਰੰਭਿਕ ਹਾਲਤ ਵਿੱਚ ਲੁੱਕੀਆਂ ਹੁੰਦੀਆਂ ਹਨ।

ਨੀਤੀ ਦੇ ਸਾਧਨ ਦੇ ਰੂਪ ਵਿੱਚ ਜੰਗ : ਜੰਗ ਇੱਕ ਤਰ੍ਹਾਂ ਦਾ ਰਾਜਨਿਤਿਕ ਸਪੰਰਕ ਹੈ, ਇਹ ਕੂਟਨੀਤੀ ਤੋਂ ਇਲਾਵਾ ਹੋਰ ਸਾਧਨਾਂ ਨਾਲ ਵਿਦੇਸ਼ ਨੀਤੀ ਨੂੰ ਜਾਰੀ ਰੱਖਣ ਦਾ ਯਤਨ ਹੈ।

## 1.3.11 ਸਹਾਇਕ ਪੁਸਤਕ ਸੂਚੀ


1. J.F.C. Fuller : Conduct of War
2. K.S.Sidhu : War and its principles
3. Palmer & Perkins : International Relations

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.